ਗ਼ਦਰ ਲਹਿਰ

1 : ਪੰਜਾਬ ਦੇ ਜਲੰਧਰ ਸ਼ਹਿਰ ਵਿਚ ਇਕ ਸ਼ਾਨਦਾਰ ਬਿਲਡਿੰਗ ਦੇਸ਼ ਭਗਤ ਯਾਦਗਾਰ ਹਾਲ ਦੇ ਨਾਂ ਨਾਲ ਕਾਇਮ ਹੈ।

2 : ਇਸ ਹਾਲ ਵਿਚ ਉਹਨਾਂ ਸੂਰਬੀਰਾਂ ਦੇ ਨਾਂ ਅਤੇ ਫੋਟੋ ਹਨ ਜਿਨ੍ਹਾਂ ਨੇ ਜੰਗੇ ਆਜ਼ਾਦੀ ਦੀ ਗ਼ਦਰ ਲਹਿਰ ਵਿਚ ਸ਼ਿਰਕਤ ਕੀਤੀ ਅਤੇ ਜਾਮੇਂ ਸ਼ਹਾਦਤ ਪੀਤਾ।

3 : ਇਹਨਾਂ ਵਿਚ 145 ਉਹ ਹਨ, ਜਿਨ੍ਹਾਂ ਨੇ ਫਾਂਸੀ ਦਾ ਰੱਸਾ ਚੁੰਮਿਆ ਜਾਂ ਪੁਲਸ ਮੁਠਭੇੜ ਵਿਚ ਸ਼ਹਾਦਤ ਪਾਈ।

4 : 306 ਐਸੇ ਸੂਰਬੀਰਾਂ ਦੇ ਨਾਂ ਹਨ, ਜਿਨ੍ਹਾਂ ਨੇ ਕਾਲੇ ਪਾਣੀਆਂ ਵਿਚ ਪਿੰਜਰਾਬੰਦ ਉਮਰ ਕੈਦਾਂ ਕੱਟੀਆਂ।

1 : 77 ਐਸੇ ਨਾਂ ਹਨ, ਜਿਨ੍ਹਾਂ ਨੇ ਹਿੰਦੋਸਤਾਨ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਲੰਮੀਆਂ ਕੈਦਾ ਭੋਗੀਆਂ।

2 : ਤੇ ਉਹਨਾਂ ਸੂਰਬੀਰਾਂ ਵਿਚ ਲਾਲਾ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ, ਪੰਡਤ ਕਾਂਸ਼ੀ ਰਾਮ, ਬਰਕਤ ਮੁਲਾ, ਭਾਈ ਸੰਤੋਖ ਸਿੰਘ, ਭਾਈ ਭਗਵਾਨ ਸਿੰਘ, ਤਰਕ ਨਾਥ ਦਾਸ ਤੇ ਕਰਤਾਰ ਸਿੰਘ ਸਰ੍ਹਾਭਾ ਆਦਿ ਦੇ ਨਾਂ ਸ਼ਾਮਲ ਹਨ।

1 : ਗ਼ਦਰ ਪਾਰਟੀ ਦਾ ਜਨਮ ਅਮਰੀਕਾ ਵਿਚ ਰਹਿ ਰਹੇ ਹਿੰਦੀਆਂ ਦਵਾਰਾ 1913 ਵਿਚ ਹੋਇਆ।

2 : ਤੇ ਇਸ ਪਾਰਟੀ ਦਾ ਜਨਮ ਆਪਣੇ ਆਪ ਵਿਚ ਇਕ ਲੰਮਾ ਇਤਿਹਾਸ ਹੈ।

3 : ਇਸ ਗੱਦੀ ਦੇ ਸ਼ੁਰੂ ਵਿਚ ਹਾਂਗ ਕਾਂਗ, ਮਲਾਇਆ, ਸਿੰਘਾਪੁਰ ਜੋ ਬਰਤਾਨਵੀ ਬਸਤੀਆਂ ਸਨ, ਭਾਰਤੀ ਮੂਲ ਦੇ ਲੋਕ ਫੌਜੀ ਸਿਪਾਹੀਆਂ ਦੇ ਰੂਪ ਵਿਚ ਪੁਲਿਸ ਸਿਪਾਹੀਆਂ ਦੇ ਰੂਪ ਵਿਚ ਚੌਕੀਦਾਰੀ ਕਿੱਤੇ ਵਿਚ ਅਤੇ ਫਲਾਂ ਦੇ ਬਾਗਾਂ ਵਿਚ ਪਰਵਾਸ ਕੀਤਾ।

4 : ਉਥੇ ਉਹਨਾਂ ਨੂੰ ਚੰਗੇ ਵਰਤਾਓ ਦੀ ਉਮੀਦ ਸੀ ਪਰ ਉਥੇ ਅੰਗਰੇਜ਼ ਮਾਲਕਾਂ ਵੱਲੋਂ ਉਹਨਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ।

1 : ਦੂਜੇ ਪਾਸੇ ਇਹਨਾਂ ਬਸਤੀਆਂ ਦੇ ਜਿਹੜੇ ਅਸਲੀ ਵਾਸੀ ਸਨ, ਉਹ ਵੀ ਭਾਰਤੀਆਂ ਨੂੰ ਨਫਰਤ ਕਰਦੇ ਸਨ ਕਿਉਂਕਿ ਆਪਣੇ

ਅੰਗਰੇਜ਼ ਮਾਲਕਾਂ ਦੇ ਕਹਿਣ 'ਤੇ ਭਾਤਰੀ ਪੁਲਸੀਏ ਤੇ ਸਿਪਾਹੀ ਉਹਨਾਂ ਨਾਲ ਗਲਤ ਤਰੀਕੇ ਨਾਲ ਵਰਤਦੇ ਸਨ ਅਤੇ ਗਾਲ੍ਹਾਂ ਤੋਂ ਸਿਵਾ ਹੋਰ ਕੋਈ ਜ਼ਬਾਨ ਨਹੀਂ ਸਨ ਵਰਤਦੇ।

2 : ਬਾਬਾ ਗੁਰਦਿਤ ਸਿੰਘ ਦੀ ਲਿਖੀ ਹੋਈ ਇਕ ਕਿਤਾਬ ਵਿਚ ਇਸਦਾ ਜ਼ਿਕਰ ਆਉਂਦਾ ਹੈ।

3 : ਇਕ ਅੰਗਰੇਜ਼ ਮਾਲਕ ਕੋਲੋਂ ਜਦੋਂ ਇਹ ਪੁੱਛਿਆ ਗਿਆ ਕਿ ਤੁਸੀਂ ਆਪਣੇ ਅਸਤਬਲ ਵਿਚ ਘੋੜਿਆਂ ਦਾ ਤਾਂ ਵੀ ਕਿੰਨਾ ਖਿਆਲ ਕਰਦੇ ਹੋ, ਪਰ ਤੁਹਾਡੇ ਬਾਗਾਂ ਵਿਚ ਜਿਹੜਾ ਭਾਰਤੀ ਕੰਮ ਕਰਦੇ ਨੇ ਉਹਨਾਂ ਦੀ ਰਿਹਾਇਸ਼ ਲਈ ਇਤਨਾ ਗੰਦਾ ਤੇ ਹੌਲਨਾਕ ਬੰਦੋਬਸਤ ਕਿਉਂ ਏ ?

4 : ਤਾਂ ਉਹਦਾ ਜਵਾਬ ਸਾਫ ਸ਼ਬਦਾਂ ਵਿਚ ਸੀ

1 : ਏਕ ਘੋੜਾ ਮੇਰੇ ਲੀਏ 1500/- ਕੋਸਟ ਕਰਤਾ ਹੈ, ਔਰ ਏਕ ਕੁਲੀ ਕੀ ਮੇਹਨਤ 40-50 ਰੁਪਏ ਮੇਂ ਖਰੀਦੀ ਜਾ ਸਕਤੀ ਹੈ। ਇਸੀ ਲੀਏ ਘੋੜੇ ਕੀ ਖੁਰਾਕ ਪਰ ਮੈਂ 4/- ਖਰਚ ਕਰਤਾ ਹੂੰ ਔਰ ਏਕ ਕੁਲੀ ਕੇ ਲੀਏ ਏਕ ਆਨਾ ਔਰ 6 ਪਾਈ।

1 : ਤੇ ਅੰਗਰੇਜ਼ ਦੇ ਇਸ ਸਲੂਕ ਤੋਂ ਤੰਗ ਆਕੇ ਬਹੁਤ ਸਾਰੇ ਹਿੰਦੀ ਫੌਜ ਦਾ ਕੰਮ ਛੱਡਕੇ ਉਥੋਂ ਹੀ ਜਹਾਜ਼ ਵਿਚ ਅਸਵਾਰ ਹੋ ਕੇ ਕੈਨਡਾ ਅਤੇ ਅਮਰੀਕਾ ਚਲੇ ਗਏ।

2 : ਉਥੇ ਉਹ ਰੇਲ ਦੀਆਂ ਪਟੜੀਆਂ ਵਿਛਾਉਂਦੇ ਅਤੇ ਖਾਨਾਂ ਵਿਚ ਲਕੜੀ ਕੱਟਣ ਦੇ ਕੰਮ ਵਿਚ ਮਜ਼ਦੂਰੀ ਕਰਦੇ।

3 : ਕੁਝ ਭਾਰਤੀ ਮੂਲ ਦੇ ਲੋਕ ਸਿੱਧਾ ਵੀ ਅਮਰੀਕਾ ਅਤੇ ਕੈਨਡਾ ਪੁੱਜੇ।

4 : ਇਹ ਕੰਮ ਬੜੇ ਸਖ਼ਤ ਕੰਮ ਸਨ ਪਰ ਭਾਰਤੀ ਮਜ਼ਦੂਰਾਂ ਨੇ ਜਾਨ ਮਾਰਕੇ ਕੰਮ ਕੀਤਾ, ਚਾਰ ਪੈਸੇ ਕਮਾਏ ਅਤੇ ਵਪਾਰ ਵਿਚ ਹੀ ਆਪਣੀ ਥਾਂ ਬਣਾਈ।

1 : ਪਰ ਇਥੇ ਵੀ ਉਹਨਾਂ ਨੂੰ ਅਪਮਾਨ ਦੀ ਜ਼ਿੰਦਗੀ ਗੁਜ਼ਾਰਨ ਲਈ ਮਜ਼ਬੂਰ ਹੋਣਾ ਪਿਆ।

2 : ਹੋਟਲਾਂ ਵਿਚ, ਪਾਰਕਾਂ ਵਿਚ, ਥੀਏਟਰਾਂ ਵਿਚ, ਰੇਲ ਗੱਡੀਆਂ ਵਿਚ ਸਫਰ ਕਰਦਿਆਂ ਉਹਨਾਂ ਉਤੇ ਵਿਅੰਗ ਕੱਸੇ ਜਾਂਦੇ।

3 : ਤੇ ਭਾਰਤੀ ਮੂਲ ਦੇ ਵਿਉਪਾਰੀਆਂ ਨੇ ਜਦੋਂ ਕੁਝ ਗੋਰੀਆਂ ਨੂੰ ਆਪਣੇ ਕੋਲ ਨੌਕਰੀ ਦਿੱਤੀ ਤਾਂ ਬੜਾ ਵਾਵੇਲਾ ਪਿਆ।

4 : ਅਮਰੀਕਾ, ਕੈਨੇਡਾ ਵਿਚ ਜਪਾਨੀ, ਚੀਨੀ ਤੇ ਹੋਰ ਏਸ਼ੀਆਈ ਨਸਲ ਦੇ ਲੋਕ ਵੀ ਕੰਮ ਕਰਦੇ ਸਨ ਤੇ ਜਦੋਂ ਉਹਨਾਂ ਨੂੰ ਕੋਈ ਤਕਲੀਫ ਹੁੰਦੀ

ਸੀ ਤਾਂ ਉਹਨਾਂ ਮੁਲਕਾਂ ਦੀਆਂ ਸਰਕਾਰਾਂ ਅਮਰੀਕਾ ਅਤੇ ਕੈਨਡਾ ਦੀਆਂ ਸਰਕਾਰਾਂ 'ਤੇ ਦਬਾਅ ਪਾਉਂਦੀਆਂ ਸਨ ਪਰ ਇਸਦੇ ਉਲਟ

1 : ਭਾਰਤ ਦੀ ਬਰਤਾਨਵੀ ਸਰਕਾਰ ਕਦੀ ਵੀ ਭਾਰਤੀਆਂ ਦੀ ਮਦਦ 'ਤੇ ਨਹੀਂ ਆਉਂਦੀ ਸੀ।

2 : ਇਸ ਸਲੂਕ ਨੇ ਹੀ ਭਾਰਤੀ ਪ੍ਰਵਾਸੀਆਂ ਵਿਚ ਇਹ ਅਹਿਸਾਸ ਪੈਦਾ ਕੀਤਾ ਕਿ ਉਹਨਾਂ ਨਾਲ ਬਾਹਰਲੇ ਦੇਸ਼ਾਂ ਵਿਚ ਭੈੜਾ ਸਲੂਕ ਇਸ ਲਈ ਹੁੰਦਾ ਹੈ ਕਿ ਉਹ ਅੰਗਰੇਜ਼ਾਂ ਦੇ ਗੁਲਾਮ ਹਨ।

3 : 1907 ਦੇ ਵਿਸ਼ਵ ਭਰਦੇ ਮੰਦਵਾੜੇ ਨੇ ਅਮਰੀਕਾ ਦੀ ਆਰਥਿਕਤਾ 'ਤੇ ਵੀ ਬੁਰਾ ਅਸਰ ਪਾਇਆ।

4 : ਉਥੋਂ ਦੇ ਸਰਮਾਏਦਾਰਾਂ ਨੇ ਮਜ਼ਦੂਰਾਂ ਦੀ ਉਜਰਤ ਘਟਾ ਦਿੱਤੀ।

1 : ਪਰ ਗੋਰੀ ਨਸਲ ਦੇ ਮਜ਼ਦੂਰ ਜਦੋਂ ਘੱਟ ਉਜਰਤ 'ਤੇ ਕੰਮ ਕਰਨ ਤੋਂ ਇਨਕਾਰ ਕਰਦੇ ਤਾਂ ਭਾਰਤੀ ਮਜ਼ਦੂਰ ਉਹਨਾਂ ਦੀ ਥਾਂ ਕੰਮ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ।

2 : ਇਸੇ ਕਰਕੇ ਗੋਰੇ ਅਤੇ ਭਾਰਤੀ ਮਜ਼ਦੂਰਾਂ ਵਿਚ ਹਮੇਸ਼ਾਂ ਤਨਾਓ ਦੀ ਸਥਿਤੀ ਰਹਿੰਦੀ।

3 : ਨਸਲੀ ਦੰਗੇ ਹੋਣੇ ਸ਼ੁਰੂ ਹੋ ਗਏ, ਭਾਰਤੀਆਂ ਨੂੰ ਬਣੀ ਜ਼ਿਲਤ ਸਹਿਣੀ ਪੈਂਦੀ।

4 : ਇਸ ਜ਼ਿਲਤ ਨੇ ਹੀ ਉਹਨਾਂ ਵਿਚ ਇਹ ਅਹਿਸਾਸ ਸ਼ਿਦਤ ਨਾਲ ਪੈਦਾ ਕੀਤਾ ਕਿ ਇਹ ਸਭ ਕੁਝ ਇਸ ਲਈ ਹੈ ਕਿਉਂਕਿ ਉਹ ਗੁਲਾਮ ਹਨ।

1 : ਪ੍ਰਦੇਸਾਂ ਵਿਚ ਜਦੋਂ ਭਾਰਤੀਆਂ ਨਾਲ ਇਹ ਸਲੂਕ ਹੋ ਰਿਹਾ ਸੀ ਤਾਂ ਆਪਣੇ ਦੇਸ਼ ਵਿਚ ਕਿਸਾਨ ਕਰਜ਼ਿਆਂ ਦੇ ਭਾਰ ਥੱਲੇ ਦੱਬਦੇ ਜਾਂਦੇ ਸਨ ਅਤੇ ਰੋਜ਼ੀ ਕਮਾਉਣ ਲਈ ਪ੍ਰਦੇਸਾਂ ਵਿਚ ਜਾਣ ਤੋਂ ਮਜ਼ਬੂਰ ਸਨ।

2 : ਇਹ 1907 ਦਾ ਮੰਦਵਾੜਾ ਹੀ ਸੀ, ਜਿਸਨੇ ਉਸ ਪ੍ਰਸਿੱਧ ਗੀਤ ਨੂੰ ਜਨਮ ਦਿੱਤਾ ਸੀ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ

3 : ਆਪਣੇ ਦੇਸ ਵਿਚ ਭੁੱਖ ਅਤੇ ਕੰਗਾਲੀ ਸੀ ਅਤੇ ਬਾਹਰਲੇ ਦੇਸ਼ਾਂ ਵਿਚ ਧੱਕੇ, ਬੇਇਜ਼ਤੀ ਤੇ ਬਦਨਾਮੀ ਸੀ।

4 : ਅਮਰੀਕਾ ਅਤੇ ਕੈਨੇਡਾ ਦੇ ਗੋਰੇ ਆਪਣੀ ਸਰਕਾਰ ਕੋਲੋਂ ਇਹ ਮੰਗ ਕਰ ਰਹੇ ਸਨ ਕਿ ਭਾਰਤੀਆਂ ਅਤੇ ਹੋਰ ਏਸ਼ੀਆਈਆਂ ਦਾ ਦਾਖ਼ਲਾ ਉਹਨਾਂ ਮੁਲਕਾਂ ਵਿਚ ਬੰਦ ਕੀਤਾ ਜਾਏ।

1 : ਗੋਰੀ ਪ੍ਰੈਸ ਨੇ ਵਾਵਵੇਲੋ ਚੁੱਕਿਆ ਹੋਇਆ ਸੀ।

2 : White Man ਅਖਬਾਰ ਉਸ ਵਿਚ ਸਾਰਿਆਂ ਨਾਲੋਂ ਅਗੇ ਸੀ।

3 : ਇਹ ਗੋਰੇ ਲੋਕਾਂ ਦਾ ਦੇਸ਼ ਹੈ – ਅਸੀਂ ਇਸਨੂੰ ਆਪਣੇ ਬੱਚਿਆਂ ਲਈ ਬਚਾ ਕੇ ਰੱਖਣਾ ਹੈ।

1 : ਇਸ ਅਪਮਾਨ ਜਨਕ ਸਕੂਲ ਵਿਚੋਂ ਹੀ ਇਹ ਨਿਚੋੜ ਨਿਕਲਿਆ।

2 : ਜਿਨ੍ਹਾਂ ਦਾ ਆਪਣੇ ਘਰ ਵਿਚ ਕੋਈ ਅਧਿਕਾਰ ਨਹੀਂ ਉਹ ਬਦੇਸ਼ਾਂ ਵਿਚ ਕਿਸੇ ਅਧਿਕਾਰ ਦੇ ਹੱਕਦਾਰ ਨਹੀਂ।

3 : ਇਸ ਅਹਿਸਾਸ ਨੇ ਹੀ ਉਹਨਾਂ ਵਿਚ ਸ਼ਿੱਦਤ ਦੀ ਦੇਸ਼ ਭਗਤੀ ਦਾ ਜਜ਼ਬਾ ਭਰਿਆ।

4 : ਐਸੀ ਦੇਸ਼ ਭਗਤੀ, ਜਿਸਦਾ ਜਨਮ ਹਾਲੇ ਭਾਰਤ ਵਿਚ ਨਹੀਂ ਹੋ ਸਕਿਆ ਸੀ।

1 : ਇਤਿਹਾਸ ਦੇ ਇਸੇ ਦੌਰ ਵਿਚ ਹੀ ਭਾਰਤੀ ਦੇਸ਼ ਭਗਤਾਂ ਦਾ ਆਇਰਲੈਂਡ ਦੇ ਦੇਸ਼ ਭਗਤਾਂ ਨਾਲ ਤੇ ਰੂਸ ਦੇ ਆਤੰਕਵਾਦੀਆਂ ਨਾਲ ਸੰਘਰਸ਼ ਬਣਿਆ, ਜੋ ਆਪਣੇਆਪ ਵਿਚ ਇਕ ਮਹੱਤਵਪੂਰਨ ਘਟਨਾ ਹੈ।

2 : ਆਇਰਲੈਂਡ ਵੀ ਇਕ ਬਰਤਾਨਵੀ ਬਸਤੀ ਸੀ।

3 : ਇਸ ਸੰਘਰਸ਼ ਨੇ ਉਹਨਾਂ ਵਿਚ ਚੇਤਨਾ ਭਰੀ।

4 : ਕਿ ਨਕਸਲਵਾਦ ਸਿਰਫ ਚਮੜੀ ਦੇ ਰੰਗ 'ਤੇ ਮੁਨਸਰ ਨਹੀਂ, ਸਗੋਂ ਇਸਦੇ ਪਿੱਛੇ ਬਸਤੀਵਾਦੀ ਲੁੱਟ ਬੁਨਿਆਦੀ ਕਾਰਨ ਹੈ।

1 : ਤੇ ਬਸਤੀਵਾਦੀ ਹਾਕਮ ਨਸਲੀ ਫਰਕ ਨੂੰ ਆਪਣੀ ਲੁੱਟ ਲਈ ਵਰਤਦੇ ਹਨ।

2 : ਇਹ ਇਕ ਜ਼ਰੂਰੀ ਨੁਕਤਾ ਹੈ ਕਿਉਂਕਿ ਆਉਣ ਵਾਲੇ ਸਮੇਂ ਵਿਚ ਜਦੋਂ ਸਮਾਜਕ ਇਨਸਾਫ (Social Justice) ਦਾ ਨਿਸ਼ਾਨਾ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕੀਤਾ, ਇਹ ਇਸੇ ਸੰਘਰਸ਼ ਦਾ ਨਤੀਜਾ ਸੀ।

3 : ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਨੂੰ ਉਸ ਵੇਲੇ ਦੀ War of Independence ਨੇ ਵੀ ਪ੍ਰਭਾਵਿਤ ਕੀਤਾ। ਅਮਰੀਕਾ ਦੇ ਕੁਝ ਬੁੱਧੀਜੀਵੀ ਪ੍ਰੋਫੈਸਰ ਭਾਰਤ ਦੀ ਜੰਗੇ ਆਜ਼ਾਦੀ ਦੇ ਸਮਰਥਕ ਸਨ।

4 : American War of Independence ਨੇ ਹੀ ਗ਼ਦਰ ਲਹਿਰ ਦੇ ਮੋਢੀਆਂ ਨੂੰ ਹਥਿਆਰਬੰਦ ਸੰਘਰਸ਼ ਲਈ ਉਤਸ਼ਾਹਤ ਕੀਤਾ।

1 : ਕੈਨੇਡਾ ਵਿਚ ਭਾਰਤੀ ਪ੍ਰਵਾਸੀਆਂ ਦੇ ਦਾਖਲੇ ਨੂੰ ਰੋਕਣ ਲਈ 1908 ਵਿਚ ਆਰਡਰ ਇਕਨ ਕੌਂਸਲ ਜਾਰੀ ਕੀਤਾ ਗਿਆ ਜਿਸਨੇ ਅਸਲੀ ਰੂਪ ਵਿਚ ਕੈਨਡਾ ਦੇ ਕਿਨਾਰੇ ਭਾਰਤੀਆਂ ਲਈ ਬੰਦ ਕਰ ਦਿੱਤੇ।

2 : ਇਹ ਆਰਡਰ ਕਹਿੰਦਾ ਸੀ
3 : ਇਸ ਤ੍ਰੀਖ ਤੋਂ ਕੈਨੇਡਾ ਵਿਚ ਉਹਨਾਂ ਬਦੇਸ਼ੀਆਂ ਦੇ ਦਾਖ਼ਲੇ 'ਤੇ ਮਨਾਹੀ ਹੋਵੇਗੀ ਜੋ ਆਪਣੇ ਦੇਸ਼ ਤੋਂ ਸਿੱਧੀ ਟਿੱਕਟ ਨਾਲ ਸਿੱਧੀ ਯਾਤਰਾ ਨਾਲ ਨਾ ਆਏ ਤੇ ਜਿਸਦੀ ਟਿੱਕਟ ਕੈਨੇਡਾ ਵਿਚ ਤਿਆਰ ਨਾ ਹੋਵੇ।
4 : ਕਿਸੀ ਵੀ ਏਸ਼ੀਆਈ ਮੂਲ ਦੇ ਪਰਵਾਸੀ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ ਜੇ ਉਹਦੇ ਕੋਲ ਨਿੱਜੀ ਰੂਪ ਵਿਚ 200 ਡਾਲਰ ਨਾ ਹੋਣ।
1 : ਇਸ ਆਰਡਰ ਦੀ ਪਹਿਲੀ ਧਾਰਾ ਸਿਰਫ ਭਾਰਤੀਆਂ ਲਈ ਹੀ ਸੀ, ਕਿਉਂਕਿ ਭਾਰਤ ਤੋਂ ਕੋਈ ਜਹਾਜ਼ ਸਿੱਧਾ ਕੈਨੇਡਾ ਨਹੀਂ ਆਉਂਦਾ ਸੀ।
2 : ਚੀਨੀਆਂ ਤੇ ਜਪਾਨੀਆਂ ਨੇ ਆਪਣੇ ਕੌਂਸਲ ਖਾਨੇ ਰਾਹੀਂ ਕੁਝ ਸ਼ਰਤਾਂ ਨਰਮ ਕਰਵਾ ਲਈਆਂ ਪਰ ਭਾਰਤ ਦਾ ਨਾ ਕੋਈ ਕੌਂਸਲਖਾਨਾ ਸੀ ਤੇ ਨਾ ਹੀ ਕੋਈ ਹੋਰ ਅਦਾਰਾ ਜਿਸਦੇ ਰਾਹੀਂ ਉਹ ਆਪਣੀ ਤਕਲੀਫ ਦੱਸ ਸਕਦੇ।
3 : ਇਕ ਘਟਨਾ ਹੀ ਏਹ ਦੁੱਖ ਦੱਸਦੀ ਹੈ।
4 : ਕੈਨੇਡਾ ਵਿਚ ਰਹਿੰਦੇ ਹੋਏ ਪਾਰਤੀ ਪਰਵਾਸੀਆਂ ਨੇ ਆਪੇ ਪਰਿਵਾਰ ਬੁਲਾਏ, ਜਦੋਂ ਉਹ 2003 ਤੋਂ ਚਲੇ ਸਨ ਤੇ ਇਹ ਕਾਨੂੰਨ ਹਾਲੇ ਨਹੀਂ ਸੀ ਬਣਿਆ, ਪਰ ਉਹਨਾਂ ਦੇ ਸਫਰ ਦੌਰਾਨ ਇਹ ਕਾਨੂੰਨ ਲਾਗੂ ਹੋ ਗਿਆ।
1 : ਜਦੋਂ ਉਹ ਕੈਨਡਾ ਪੁੱਜੇ ਤਾਂ ਉਹਨਾਂ ਨੂੰ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਾ ਦਿੱਤੀ ਗਈ, ਸਗੋਂ ਹਾਂਗਕਾਂਗ ਮੁੜ ਜਾਣ ਲਈ ਕਿਹਾ ਗਿਆ।
2 : ਇਹ ਇਕ ਦਰਦਨਾਕ ਨਜ਼ਾਰਾ ਸੀ।
3 : ਬੱਚਿਆਂ ਨੂੰ ਲੈਣ ਆਏ ਪਿਤਾ
4 : ਪਤਨੀਆਂ ਨੂੰ ਲੈਣ ਆਏ ਪਤੀ
1 : ਅਥਰੂ ਵਹਾਉਂਦੇ ਹੋਏ ਮਜ਼ਬੂਰ ਖੜੇ ਸਨ।
2 : ਗੁੱਸੇ ਅਤੇ ਮਜਬੂਰੀ ਨੇ ਉਹਨਾਂ ਵਿਚ ਬਗ਼ਾਵਤ ਦਾ ਜਜ਼ਬਾ ਭਰਿਆ।
3 : ਇਕ ਪਾਸੇ ਤਾਂ ਕੈਨੇਡਾ ਦੇ ਹੁਕਮਰਾਨ ਨਵੇਂ ਭਾਰਤੀ ਪਰਵਾਸੀਆਂ ਨੂੰ ਕੈਨੇਡਾ ਵਿਚ ਆਉਣ ਤੋਂ ਰੋਕਾਂ ਲਗਾ ਰਹੇ ਹਨ ਤੇ ਦੂਜੇ ਪਾਸੇ ਜੋ ਇਥੇ ਪਹਿਲੇ ਹੀ ਫਸੇ ਹੋਏ ਸਨ, ਉਹਨਾਂ ਨੂੰ ਬਾਹਰ ਕੱਢਣ ਦੇ ਉਪਰਾਲੇ ਕਰ ਰਹੇ ਸਨ।
4 : 1908 ਵਿਚ ਉਹਨਾਂ ਨੂੰ ਇਹ ਪੇਸ਼ਕਸ਼ ਕੀਤੀ ਗਈ ਕਿ ਉਹ

ਹਾਂਡੂਰਸ ਵਿਚ ਜਾ ਵਸਣ।

1 : ਤੇ ਉਥੇ ਜਾਣ ਲਈ ਉਹਨਾਂ ਨੂੰ ਕਈ ਲਾਲਚ ਵੀ ਦਿੱਤੇ ਗਏ।

2 : ਇਹ ਵੀ ਝੂਠ ਬੋਲਿਆ ਗਿਆ ਕਿ ਉਥੋਂ ਦੀ ਆਬੋ ਹਵਾ ਭਾਰਤੀਆਂ ਨੂੰ ਬੜੀ ਮਾਫਕ ਆਏਗੀ।

3 : ਭਾਰਤੀ ਪਰਵਾਸੀਆਂ ਨੇ ਆਪਣੀ ਇਕ ਐਡਵਾਂਸ ਟੀਮ ਭੇਜੀ, ਇਹ ਦੇਖਣ ਲਈ ਕਿ ਹਾਂਡੂਰਸ ਕਿਹੋ ਜਿਹੀ ਥਾਂ ਹੈ ਤੇ ਉਹਨਾਂ ਨੇ ਆਕੇ ਜੋ ਰੀਪੋਰਟ ਦਿੱਤੀ ਉਹਦੇ ਨਾਲ ਕੈਨੇਡਾ ਦੀ ਸਰਕਾਰ ਦਾ ਮਕਾਰੀ ਦਾ ਭਾਂਡਾ ਚੁਰਾਹੇ ਵਿਚ ਟੁੱਟਿਆ।

4 : ਹਾਂਡੂਰਾਸ ਜੰਜ਼ੀਰਾਂ, ਦਲਦਲ ਅਤੇ ਪੱਥਰਾਂ ਦੇ ਸਿਵਾ ਕੁਝ ਨਹੀਂ ਸੀ।

1 : ਇਹਨਾਂ ਪ੍ਰਵਾਸੀ ਕਾਨੂੰਨਾਂ ਅਤੇ ਵਿਤਕਰਿਆਂ ਨੇ ਭਾਰਤੀ ਪ੍ਰਵਾਸੀਆਂ ਵਿਚ ਨਿਰਾਸ਼ਤਾ ਭਰ ਦਿੱਤੀ।

2 : ਉਹਨਾਂ ਨੇ ਇਸਦਾ ਮੁਕਾਬਲਾ ਕਰਨ ਲਈ ਸੰਘਰਸ਼ ਦਾ ਇਰਾਦਾ ਬਣਾਇਆ।

3 : 15 ਦਸੰਬਰ 1911, ਕੈਨੇਡਾ ਵਿਚ ਭਾਰਤੀ ਪ੍ਰਵਾਸੀਆਂ ਦੀਆਂ ਦੋ ਸੰਸਥਾਵਾਂ ਨੇ ਜਨਮ ਲਿਆ।

4 : ਦੀ ਯੂਨਾਇਟਿਡ ਇੰਡੀਆ ਲੀਗ () ਅਤੇ ਖਾਲਸਾ ਦੀਵਾਨ ਸੁਸਾਇਟੀ

2 : 22 ਫਰਵਰੀ 1913 ਇਹਨਾਂ ਸੰਸਥਾਵਾਂ ਵੱਲੋਂ ਤਿੰਨ ਵਿਅਕਤੀਆਂ ਦਾ ਇਕ ਡੈਲੀਗੇਸ਼ਨ ਜਿਨ੍ਹਾਂ ਵਿਚ ਸ: ਬਲਵੰਤ ਸਿੰਘ, ਸ: ਨਰਾਇਣ ਸਿੰਘ ਅਤੇ ਸ: ਨੰਦ ਸਿੰਘ ਸ਼ਾਮਲ ਸਨ ਪਹਿਲੇ ਓਟਾਵਾ, ਫੇਰ ਲੰਡਨ ਅਤੇ ਫੇਰ ਭਾਰਤ ਭੇਜਣ ਦਾ ਫ਼ੈਸਲਾ ਕੀਤਾ ਗਿਆ।

4 : ਇਹ ਗਏ ਪਰ ਨਤੀਜਾ ਕੋਈ ਨਾ ਨਿਕਲਿਆ।

1 : ਇਹਨਾਂ ਸੰਸਥਾਵਾਂ ਨੇ ਹੀ ਫੇਰ ਕੈਨੇਡਾ ਵਿਚ ਗ਼ਦਰ ਪਾਰਟੀ ਬਨਾਉਣ ਲਈ ਮੈਦਾਨ ਤਿਆਰ ਕੀਤਾ।

2 : 1912 ਵਿਚ ਗਿਆਨੀ ਭਗਵਾਨ ਸਿੰਘ ਜੋ ਬੀਜਿੰਗ ਅਤੇ ਹਾਂਗਕਾਂਡ ਦੇ ਗੁਰਦੁਆਰਿਆਂ ਵਿਚ ਗਰੰਥੀ ਰਹਿ ਚੁੱਕੇ ਸਨ, ਕੈਨੇਡਾ ਪਹੁੰਚੇ।

3 : ਉਹ ਇਕ ਚੰਗੇ ਵਕਤਾ ਸਨ।

4 : ਉਹਨਾਂ ਦੇ ਭਾਸ਼ਨਾਂ ਵਿਚ ਇਕ ਜੋਸ਼ ਸੀ।

1 : ਉਹਨਾਂ ਕੈਨੇਡਾ ਵਿਚ ਭਾਰਤੀਆਂ ਨੂੰ ਬਗ਼ਾਵਤ ਲਈ ਤਿਆਰ ਕੀਤਾ।

2 : ਉਹ ਧਾਰਮਿਕ ਏਕਤਾ ਦੇ ਸ਼ੈਦਾਈ ਸਨ।

3 : ਇਹ ਗਿਆਨੀ ਭਗਵਾਨ ਸਿੰਘ ਦੀ ਹੀ ਦੇਣ ਹੈ ਕਿ ਇਕ ਦੂਸਰੇ ਨੂੰ ਮਿਲਣ ਵੇਲੇ ਧਾਰਮਿਕ ਸੰਬੋਧਨ ਦੀ ਥਾਂ 'ਬੰਦੇ ਮਾਤਰਮ' ਕਹਿ ਕੇ ਇਕ ਦੂਜੇ ਨੂੰ ਸੰਬੋਧਨ ਕੀਤਾ ਜਾਣ ਲਗਾ।

4 : ਪਹਿਲੇ ਲਾਹੌਰ ਸਾਜ਼ਸ਼ ਕੇਸ (1915) ਦੀ ਪੜਤਾਲ ਵਿਚ ਗਿਆਨੀ ਭਗਵਾਨ ਸਿੰਘ ਹੋਰਾਂ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ :

ਸਾਹਿਬ : ਏਕ ਭਗਵਾਨ ਸਿੰਘ ਨਾਮ ਦਾ ਪ੍ਰਸਿੱਧ ਸਾਜ਼ਸ਼ੀ 1912 ਕੇ ਅੰਤ ਮੇਂ ਬਰਤਾਨਵੀ ਸਰਕਾਰ ਕੇ ਖਿਲਾਫ ਭਾਸ਼ਨ ਸ਼ੁਰੂ ਕਰ ਦੀਏ। ਵੋਹ ਵੈਨਕੂਵਰ ਮੇਂ ਤੀਨ ਮਹੀਨੇ ਰਹਾ। ਉਸਕੇ ਲਫਜ਼ੋਂ ਮੇਂ ਜਾਦੂ ਥਾ ਔਰ ਸੁਨਣੇ ਵਾਲੋਂ ਮੇਂ ਉਸਨੇ ਇਨਕਲਾਬੀ ਜਜ਼ਬਾ ਭਰ ਦੀਏ। ਅੰਤ ਮੇਂ ਉਸਕੋ ਦੇਸ਼ ਨਿਕਾਲਾ ਦੀਆ ਗਿਆ, ਲੇਕਿਨ ਇਸਸੇ ਪਹਿਲੇ ਸ਼ਰਾਰਤ ਕੇ ਬੀਜ ਬੀਜੇ ਜਾ ਚੁੱਕੇ ਥੇ।

4 : ਗਦਰ ਪਾਰਟੀ 1913 ਅਮਰੀਕਾ ਵਿਚ ਕਾਇਮ ਕੀਤੀ ਗਈ।

1 : ਇਸ ਤੋਂ ਪਹਿਲੇ ਵੀ ਬਰਤਾਨਵੀ ਰਾਜ ਨੂੰ ਖਤਮ ਕਰਨ ਦੇ ਉਦੇਸ਼ ਲਈ ਕਈ ਸੰਸਥਾਵਾਂ ਹੋਂਦ ਵਿਚ ਆ ਚੁੱਕੀਆਂ ਸਨ।

2 : ਮੁੱਖ ਤੌਰ 'ਤੇ ਉਹ ਸੰਸਥਾਵਾਂ ਅਹਿੰਸਾ ਦੇ ਅਸੂਲ ਨੂੰ ਮੰਨਦੀਆਂ ਸਨ।

3 : ਪਰ ਗਦਰ ਪਾਰਟੀ ਹਥਿਆਰਬੰਦ ਬਗ਼ਾਵਤ ਵਿਚ ਯਕੀਨ ਰੱਖਦੀ ਸੀ।

4 : ਸ਼ੁਰੂ ਸ਼ੁਰੂ ਵਿਚ ਤਿੰਨ ਕੇਂਦਰਾਂ ਵਿਚ ਰਾਜਸੀ ਚੇਤਨਾ ਦਾ ਅਸਰ ਸ਼ੁਰੂ ਹੋਇਆ।

1 : ਵੱਖ-ਵੱਖ ਸੂਬਿਆਂ ਅਤੇ ਵੱਖ-ਵੱਖ ਧਰਮਾਂ ਦੇ ਭਾਰਤੀ ਪ੍ਰਵਾਸੀ ਜਦੋਂ ਇਕੱਠੇ ਬੈਠਦੇ

2 : ਤਾਂ ਉਹਨਾਂ ਵਿਚ ਸਾਂਝੀ ਦੇਸ਼ ਭਗਤੀ ਦਾ ਜਜ਼ਬਾ ਜਾਗਦਾ।

3 : ਸੇਂਟ ਜਾਨ ਅਤੇ ਸੈਟਲ ਜਲਦੀ ਹੀ ਰਾਜਸੀ ਸਰਗਰਮੀਆਂ ਦੇ ਕੇਂਦਰ ਬਣ ਗਏ।

4 : ਸੇਂਟ ਜਾਨੇ ਦੇ ਵਿਚ ਪੰਡਤ ਕਾਂਸ਼ੀ ਰਾਮ ਇਕ ਲੱਕੜੀ ਦੀ ਮਿਲ ਵਿਚ 20 ਭਾਰਤੀ ਮਜ਼ਦੂਰਾਂ ਦੀ ਟੋਲੀ ਵਿਚ ਪੇਂਟ ਦਾ ਕੰਮ ਕਰਦੇ ਸਨ।

1 : ਭਾਈ ਸੋਹਣ ਸਿੰਘ ਭਕਨਾ, ਭਾਈ ਹਰਨਾਮ ਸਿੰਘ ਟੁੰਡੀ ਲਾਟ, ਭਾਈ ਉਧਮ ਸਿੰਘ, ਸ੍ਰੀ ਰਾਮ ਰਖਾ ਅਤੇ ਭਾਈ ਈਸ਼ਰ ਸਿੰਘ ਇਕ ਹੋਰ ਲੱਕੜੀ ਮਿਲ ਵਿਚ ਕੰਮ ਕਰਦੇ ਸਨ।

2 : ਉਹ ਹਰ ਐਤਵਾਰ ਇਕੱਠੇ ਹੋਕੇ ਰਾਜਸੀ ਤੇ ਸਮਾਜਿਕ ਮਾਮਲਿਆਂ 'ਤੇ ਵਿਚਾਰ ਗੋਸ਼ਟੀ ਕਰਦੇ।

3 : ਭਾਈ ਸੋਹਣ ਸਿੰਘ ਭਕਨਾ ਵਿਸ਼ੇਸ਼ ਰਾਜਸੀ ਵਿਚਾਰਧਾਰਾ ਰਖਦੇ

ਸਨ ਕਿਉਂਕਿ ਉਹ ਪਹਿਲੇ ਵੀ ਨਾਮਧਾਰੀ ਅੰਦੋਲਨ ਵਿਚ ਕੰਮ ਚੁੱਕੇ ਸਨ।

4 : ਸੈਟਲ ਵਿਚ ਕੰਮ ਕਰਦੇ ਭਾਰਤੀ ਪਰਵਾਸੀਆਂ ਵਿਚ ਤਾਂ ਪਹਿਲੇ ਹੀ ਕਾਫੀ ਸਿਆਸੀ ਹਿਲਜੁਲ ਸੀ।

1 : ਸ੍ਰੀ ਤਰਕ ਨਾਥ ਦਾਸ ਨੇ 1908 ਵਿਚ ਹੀ ਇਥੇ ਇਕ ਹੋਰ ਜਲਾਵਤਨ ਹੋਏ ਬੰਗਾਲੀ ਦੇਸ਼ ਭਗਤ ਸੁਰਿੰਦਰ ਮੋਹਨ ਬੋਸ ਨਾਲ ਰਲਕੇ ਇਕ ਅੰਗਰੇਜ਼ੀ ਮਾਸਕ ਪਤ੍ਰ ਚਲਾਇਆ ਹੋਇਆ ਸੀ, ਜਿਸ ਦਾ ਨਿਸ਼ਾਨਾ ਭਾਰਤ ਵਿਚ ਬਰਤਾਨਵੀ ਸਰਕਾਰ ਦੇ ਵਿਰੋਧ ਹਥਿਆਰਬੰਦ ਬਗ਼ਾਵਤ ਦੀ ਹਿਮੈਤ ਸੀ।

2 : ਬਾਅਦ ਵਿਚ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵੇਲੇ ਕੁਝ ਐਸਾ ਵਾਤਾਵਰਨ ਬਣਿਆ ਕਿ ਅਮਰੀਕੀ ਨਸਲਵਾਦੀਆਂ ਨੇ ਭਾਰਤੀਆਂ ਉਤੇ ਖੁਲ੍ਹੇ ਆਮ ਹਥਿਆਰਬੰਦ ਹਮਲੇ ਸ਼ੁਰੂ ਕਰ ਦਿੱਤੇ।

3 : ਭਾਰਤੀਆਂ ਨੇ ਵੀ ਤਿਆਰੀ ਕੀਤੀ ਅਤੇ ਜਥੇਬੰਦ ਹੋਕੇ ਉਨ੍ਹਾਂ ਦਾ ਹਥਿਆਰਾਂ ਨਾਲ ਮੁਕਾਬਲਾ ਕੀਤਾ।

4 : ਇਕ ਥਾਂ ਰੇਲ ਦੀ ਪੱਟੜੀ 'ਤੇ ਕੰਮ ਕਰਦੇ ਹੋਏ ਭਾਰਤੀ ਮਜ਼ਦੂਰਾਂ ਉਤੇ ਜਦੋਂ ਗੋਰੇ ਨਸਲਵਾਦੀਆਂ ਨੇ ਹਮਲਾ ਕੀਤਾ ਤਾਂ ਭਾਰਤੀਆਂ ਨੇ ਪਿਸਤੌਲਾਂ ਬੰਦੂਕਾਂ ਨਾਲ ਉਹਨਾਂ ਦਾ ਮੁਕਾਬਲਾ ਕੀਤਾ ਤੇ ਉਹਨੂੰ ਭਜਾ ਦਿੱਤਾ।

1 : ਇਹ ਘਟਨਾ ਵਾਸ਼ਿੰਗਟਨ ਦੇ ਨੇੜੇ ਹੋਈ ਪਰ ਇਸਦੀ ਖ਼ਬਰ ਸਾਰੇ ਅਮਰੀਕਾ ਵਿਚ ਫੈਲੀ।

2 : ਭਾਰਤੀਆਂ ਨੂੰ ਇਹ ਵਿਸ਼ਵਾਸ਼ ਹੋਇਆ ਕਿ ਗੁੰਡਿਆਂ ਨਾਲ ਨਿਪਟਨ ਲਈ ਹਥਿਆਰਾਂ ਦੀ ਜ਼ਰੂਰਤ ਏ।

3 : ਇਸ ਤੋਂ ਇਹ ਵੀ ਸਿੱਟਾ ਨਿਕਲਿਆ ਕਿ ਹਿੰਦ ਵਿਚੋਂ ਗੋਰਿਆਂ ਦੇ ਰਾਜ ਨੂੰ ਹਥਿਆਰਬੰਦ ਤਰੀਕੇ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ।

4 : 1911 ਵਿਚ ਜੀ.ਡੀ. ਕੁਮਾਰ ਕੈਨੇਡਾ ਤੋਂ ਸੈਟਲ ਆਇਆ।

1 : ਉਹਨੇ ਭਾਰਤੀ ਪਰਵਾਸੀਆਂ ਨਾਲ ਸੰਘਰਸ਼ ਕਾਇਮ ਕੀਤਾ।

2 : ਇਹ ਫੈਸਲਾ ਹੋਇਆ ਕਿ ਉਹ ਸਾਰੇ ਭਾਰਤੀ ਪਰਵਾਸੀ ਜੋ ਭਾਰਤ ਦੀ ਆਜ਼ਾਦੀ ਵਾਸਤੇ ਸੰਘਰਸ਼ ਕਰਨਾ ਚਾਹੁੰਦੇ ਨੇ ਇਕ ਥਾਂ ਇਕੱਠੇ ਹੋਣ।

3 : 1912 ਦੇ ਸ਼ੁਰੂ ਵਿਚ ਹੀ ਪੋਰਟਲੈਂਡ ਵਿਚ ਇਕ ਇਕੱਠ ਹੋਇਆ, ਜਿਸ ਵਿਚ

4 : ਭਾਈ ਹਰਨਾਮ ਸਿੰਘ (ਕੋਟਲਾ ਨੌਧ ਸਿੰਘ)

1 : ਪੰਡਤ ਕਾਂਸ਼ੀ ਰਾਮ

2 : ਸ੍ਰੀ ਰਾਮ ਰਖਾ
3 : ਭਾਈ ਸੋਹਨ ਸਿੰਘ ਭਕਨਾ
4 : ਭਾਈ ਊਧਮ ਸਿੰਘ ਕਸੇਲ ਸ਼ਾਮਲ ਹੋਏ
1 : ਇਸ ਮੀਟਿੰਗ ਦਾ ਨਤੀਜਾ 'ਦੀ ਹਿੰਦੋਸਤਾਨ ਐਸੋਸੀਏਸ਼ਨ' ਦੀ ਸਥਾਪਨਾ ਦੇ ਰੂਪ ਵਿਚ ਨਿਕਲਿਆ।
2 : ਬਾਬਾ ਸੋਹਨ ਸਿੰਘ ਭਕਨਾ ਇਸਦੇ ਪ੍ਰਧਾਨ
3 : ਜੀ.ਡੀ. ਕੁਮਾਰ ਇਸਦੇ ਸਕੱਤਰ
4 : ਅਤੇ ਪੰਡਤ ਕਾਂਸ਼ੀ ਰਾਮ ਇਸਦੇ ਖਜ਼ਾਨਚੀ ਚੁਣੇ ਗਏ।
1 : ਇਸ ਐਸੋਸੀਏਸ਼ਨ ਦੀਆਂ ਬਰਾਂਚਾਂ ਹੋਰ ਵੀ ਕੇਂਦਰਾਂ ਵਿਚ ਖੁਲ੍ਹੀਆਂ।
2 : ਇਹ ਐਸੋਸੀਏਸ਼ਨ ਹਰ ਐਤਵਾਰ ਵੱਖ-ਵੱਖ ਥਾਵਾਂ 'ਤੇ ਮੀਟਿੰਗ ਰਖਦੀ ਅਤੇ ਭਾਰਤੀਆਂ ਵਿਚ ਹਥਿਆਰਬੰਦ ਸੰਘਰਸ਼ ਰਾਹੀਂ ਭਾਰਤ ਦੀ ਆਜ਼ਾਦੀ ਦਾ ਪ੍ਰਚਾਰ ਕਰਦੀ।
3 : ਐਸੋਸੀਏਸ਼ਨ ਦਾ ਕੰਮ ਜ਼ੋਰ ਪਕੜ ਰਿਹਾ ਸੀ।
4 : ਪਰ ਇਹਦੇ ਨਾਲ ਹੀ ਪ੍ਰਚਾਰ ਸਮੱਗਰੀ ਛਾਪਣ ਅਤੇ ਵੰਡ ਵਿਚ ਔਖਿਆਈ ਆਉਣੀ ਸ਼ੁਰੂ ਹੋਈ।
1 : ਇਸੇ ਦਰਮਿਆਨ ਧੂਰੀ ਵਾਲੇ ਲਾਲਾ ਠਾਕੁਰ ਦਾਸ ਪੋਰਟ ਲੈਂਡ ਆਏ ਤੇ ਉਹਨਾਂ ਨੇ ਬਾਬਾ ਭਕਨਾ ਅਤੇ ਪੰਡਤ ਕਾਂਸ਼ੀ ਰਾਮ ਨੂੰ ਸਲਾਹ ਦਿੱਤੀ
2 : ਕਿ ਲਾਲਾ ਹਰਦਿਆਲ ਨੂੰ ਕੈਲੀਫੋਰਨੀਆਂ ਤੋਂ ਬੁਲਾਕੇ ਐਸੋਸੀਏਸ਼ਨ ਦਾ ਕੰਮ ਉਹਨਾਂ ਦੇ ਹਵਾਲੇ ਕੀਤਾ ਜਾਏ।
3 : ਲਾਲਾ ਹਰਦਿਆਲ ਨੇ 1913 ਵਿਚ ਐਸੋਸੀਏਸ਼ਨ ਦੀ ਜ਼ਿੰਮੇਵਾਰੀ ਸਾਂਭੀ।
4 : ਭਾਰਤੀ ਪਰਵਾਸੀਆਂ ਦਾ ਇਕ ਵਿਸ਼ਾਲ ਇਕੱਠ ਹੋਇਆ।
1 : ਜੋ ਤਜਵੀਜ਼ ਉਥੇ ਮਨਜ਼ੂਰ ਹੋਈ, ਉਹਦਾ ਨਿਚੋੜ ਸੀ
2 : ਬਦੇਸ਼ੀ ਸਰਕਾਰ ਹੀ ਭਾਰਤੀ ਲੋਕਾਂ ਦੇ ਸਭ ਦੁੱਖਾਂ ਦਾ ਕਾਰਨ ਏ ਅਤੇ ਇਹਨਾਂ ਦਾ ਅੰਤ ਭਾਰਤ ਵਿਚ ਬਰਤਾਨਵੀ ਸਰਕਾਰ ਦੇ ਅੰਤ ਨਾਲ ਹੀ ਕੀਤਾ ਜਾ ਸਕਦਾ ਹੈ।
3 : ਭਾਰਤੀ ਨੌਜਵਾਨ ਜੋ ਵਿਦੇਸ਼ੀ ਸਿਖਸ਼ਾ ਪਰਣਾਲੀ ਵਿਚ ਸਿੱਖਿਆ ਪਾਉਂਦੇ ਹਨ, ਉਹ ਰਾਸ਼ਟਰੀ ਅੰਦੋਲਨ ਲੜਣ ਦੇ ਯੋਗ ਨਹੀਂ।
4 : ਅਮਰੀਕਾ ਵਿਚ ਜਿਥੇ ਭਾਰਤੀਆਂ ਨੇ ਰਾਜਸੀ ਚੇਤਨਾ ਅਤੇ ਦੌਲਤ ਵੀ ਹਾਸਲ ਕੀਤੀ ਹੈ ਉਹਨਾਂ ਦੁਆਰਾ ਹੀ ਭਾਰਤ ਵਿਚ ਹਥਿਆਰਬੰਦ ਇਨਕਲਾਬ ਜਥੇਬੰਦ ਕੀਤਾ ਜਾਏ ਜੋ ਭਾਰਤ ਵਿਚ ਬਰਤਾਨਵੀ

ਰਾਜ ਨੂੰ ਖਤਮ ਕਰੇ।

1 : ਇਹਦੇ ਲਈ ਇਕ ਸ਼ਕਤੀਸ਼ਾਲੀ ਜਥੇਬੰਦੀ ਦੀ ਲੋੜ ਹੈ।

2 : ਇਨਕਲਾਬ ਦੀ ਕਾਮਯਾਬੀ ਦੇ ਬਾਅਦ ਉਥੇ ਅਮਰੀਕੀ ਫਰਜ਼ ਦੀ ਲੋਕਰਾਜੀ ਸਰਕਾਰ ਸਥਾਪਤ ਕੀਤੀ ਜਾ ਸਕਦੀ ਹੈ।

3 : ਜਿਸ ਵਿਚ ਹਰ ਭਾਰਤੀ ਧਰਮ, ਜ਼ਾਤ ਅਤੇ ਪੱਦਵੀ ਦੇ ਵਿਤਕਰੇ ਤੋਂ ਮੁਕਤ ਹੋਕੇ ਆਜ਼ਾਦੀ ਅਤੇ ਸਮਾਨਤਾ ਦੀ ਜ਼ਿੰਦਗੀ ਜੀ ਸਕੇਗਾ।

4 : ਅੰਗਰੇਜ਼ਾਂ ਵੱਲੋਂ 1857 ਦੀ ਫੌਜੀ ਬਗ਼ਾਵਤ ਨੂੰ ਗ਼ਦਰ ਦਾ ਨਾਂ ਦਿੱਤਾ ਗਿਆ ਸੀ।

1 : ਉਹਨਾਂ ਦੇ ਦਿਮਾਗ ਵਿਚ ਇਹ ਨਾਂ ਦੇਣ ਵੇਲੇ ਇਕੋ ਵਿਚਾਰ ਸੀ।

2 : ਤੇ ਉਹ ਵਿਚਾਰ ਸੀ ਭਾਰਤੀਆਂ ਦੀ ਗ਼ਦਾਰੀ

3 : ਪਰ ਉਹ ਅੰਦਰੋਲਨ ਭਾਰਤੀਆਂ ਲਈ ਇਕ ਸਨਮਾਨ ਦੀ ਥਾਂ ਰਖਦਾ ਸੀ।

4 : ਤੇ ਇਸੇ ਸਨਮਾਨ ਨੂੰ ਮੁੱਖ ਰੱਖਕੇ ਅਮਰੀਕਾ ਵਿਚ ਜੋ ਲਹਿਰ ਜਥੇਬੰਦ ਕੀਤੀ ਗਈ ਉਹਦਾ ਨਾਂ ਰੱਖਿਆ ਗਿਆ

1 : ਗ਼ਦਰ

2 : ਆਪਣੇ ਰਾਜਸੀ ਕੰਮ ਦੇ ਪ੍ਰਚਾਰ ਲਈ ਇਕ ਅਖਬਾਰ ਕੱਢਣ ਦਾ ਫ਼ੈਸਲਾ ਹੋਇਆ।

3 : ਜਿਸਦਾ ਨਾਂ ਵੀ ਰੱਖਿਆ ਗਿਆ 'ਗ਼ਦਰ'

4 : ਇਹ ਵੀ ਫੈਸਲਾ ਹੋਇਆ ਕਿ ਇਹ ਅਖਬਾਰ ਭਾਰਤ ਦੀਆਂ ਵੱਧ ਤੋਂ ਵੱਧ ਜ਼ਬਾਨਾਂ ਵਿਚ ਕੱਢਿਆ ਜਾਏ।

1 : ਗ਼ਦਰ ਸੰਸਥਾ ਦਾ ਹੈਡ ਕਵਾਟਰ ਸਾਨਫਰਾਂਸਿਸਕੋ ਵਿਚ ਰੱਖਿਆ ਗਿਆ।

2 : ਮੁੱਖ ਦਫ਼ਤਰ ਦਾ ਨਾਂ ਗ਼ਦਰ ਆਸ਼ਰਮ ਜਾਂ ਯੁਗਾਂਤਰ ਆਸ਼ਰਮ ਰੱਖਿਆ ਗਿਆ।

3 : ਇਹ ਐਤਵਾਰ 14 ਅਪ੍ਰੈਲ 1913 ਦੀ ਗੱਲ ਹੈ

4 : ਜਦੋਂ ਲਾਲਾ ਹਰਦਿਆਲ ਓਰਾਗਾਨ ਵਿਚ ਭਾਰਤੀਆਂ ਦੀ ਇਕ ਮੀਟਿੰਗ ਵਿਚ ਬੋਲ ਰਹੇ ਸਨ ਤਾਂ ਇਕ ਬੁੱਢੇ ਹੌਲਦਾਰ ਨੇ ਕਿਹਾ

3 : ਤੁਹਾਡੀ ਗੱਲ ਸਮਝ ਆ ਗਈ ਏ। ਇਸ ਕੰਮ ਦੇ ਲਈ ਅਮਰੀਕਾ ਵਿਚ ਅਖਬਾਰ ਕੱਢਕੇ ਵਕਤ ਜ਼ਾਇਆ ਕਰਨ ਦਾ ਕੀ ਫਾਇਦਾ ? ਸਾਡੇ ਸਾਥੀ ਕੈਨੇਡਾ ਅਤੇ ਅਮਰੀਕਾ ਵਿਚ ਵੱਸੇ ਹੋਏ ਭਾਰਤੀਆਂ ਨੂੰ ਸਮਝਾਉਣ ਕਿ ਉਹ ਆਪਣਾ ਕੰਮ ਛੱਡਕੇ ਆਪਣੇ ਆਪਣੇ ਜਥੇ ਬਣਾਕੇ ਭਾਰਤ ਜਾਣ। ਉਥੇ ਜਾਕੇ ਆਪਣੇ ਫੌਜੀ ਭਰਾਵਾਂ

ਨੂੰ ਸਮਝਾਉਣ, ਬਗ਼ਾਵਤ ਲਈ ਤਿਆਰ ਕਰਨ ਅਤੇ ਉਹਨਾਂ ਦੀ ਮਦਦ ਨਾਲ ਅੰਗਰੇਜ਼ਾਂ ਨੂੰ ਆਪਣੇ ਦੇਸ਼ ਤੋਂ ਬਾਹਰ ਕੱਢਣ। ਅੰਗਰੇਜ਼ਾਂ ਦੀ ਗਿਣਤੀ ਭਾਰਤ ਵਿਚ ਹੈ ਹੀ ਕਿੰਨੀ ? ਪੰਜ ਪੰਜ ਸੌ ਭਾਰਤੀਆਂ ਨੂੰ ਇਕ ਅੰਗਰੇਜ਼ ਹਿੱਸੇ ਆਉਂਦਾ ਹੈ।

4 : ਬੁੱਢੇ ਹਵਾਲਦਾਰ ਦੀ ਇਸ ਸਾਦਾ ਜਿਹੀ ਤਜ਼ਵੀਜ ਨੇ ਹੀ ਅਗੇ ਜਾਕੇ ਗ਼ਦਰ ਪਾਰਟੀ ਦੇ ਭਵਿੱਖ ਦੇ ਪ੍ਰੋਗਰਾਮ ਬਨਾਉਣ ਵਿਚ ਇਕ ਜ਼ਰੂਰੀ ਭੂਮਿਕਾ ਨਿਭਾਈ।

1 : ਗ਼ਦਰ ਪਾਰਟੀ ਦਾ ਕੰਮ ਹੁਣ ਅਮਰੀਕਾ ਅਤੇ ਕੈਨਡਾ ਵਿਚ ਥਾਂ-ਥਾਂ 'ਤੇ ਸ਼ੁਰੂ ਹੋ ਗਿਆ।

2 : 21 ਅਪ੍ਰੈਲ 1913 ਆਸਟਰੀਆ ਵਿਚ ਇਕ ਮੀਟਿੰਗ ਰਖੀ ਗਈ।

3 : ਕਰਤਾਰ ਸਿੰਘ ਸਰ੍ਹਾਭਾ ਨੇ ਆਪਣੇ ਪਿੰਡ ਦੇ ਇਕ ਰੁਲੀਆ ਸਿੰਘ ਦੇ ਬੁਲਾਵੇ 'ਤੇ ਉਥੇ ਆਇਆ ਹੋਇਆ ਸੀ, ਉਹ ਵੀ ਉਸ ਮੀਟਿੰਗ ਵਿਚ ਹਾਜ਼ਿਰ ਸੀ।

4 : ਮੀਟਿੰਗ ਵਿਚ ਵਲੰਟੀਅਰਾਂ ਦੀ ਮੰਗ ਕੀਤੀ ਗਈ ਜੋ ਕੌਮੀ ਸੰਘਰਸ਼ ਲਈ ਤਨ, ਮਨ ਧਨ ਅਰਪਨ ਕਰਨ ਲਈ ਤਿਆਰ ਹੋਣ।

1 : ਕੁੱਲ 9 ਵਲੰਟੀਅਰਾਂ ਵਿਚੋਂ ਕਰਤਾਰ ਸਿੰਘ ਸਰ੍ਹਾਭਾ ਪਹਿਲਾ ਵਲੰਟੀਅਰ ਸੀ।

2 : ਇਸ ਮੀਟਿੰਗ ਵਿਚ ਲਾਲਾ ਹਰਦਿਆਲ ਵੱਲੋਂ ਇਕ ਮਤਾ ਰੱਖਿਆ ਗਿਆ, ਜੋ ਸਰਵ ਸੰਮਤੀ ਨਾਲ ਪਾਸ ਹੋਇਆ।

3 : ਇਸ ਦੀਆਂ ਮੁੱਖ ਧਾਰਾਵਾਂ ਸਨ

4 : ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੀਫਿਕ ਓਸ਼ਨ ਜਾਂ ਸੰਖੇਪ ਵਿਚ ਹਿੰਦੀ ਪੈਸੇਫਿਕ ਐਸੋਸੀਏਸ਼ਨ ਹੋਵੇਗਾ।

1 : ਜਥੇਬੰਦੀ ਦਾ ਉਦੇਸ਼ ਭਾਰਤ ਵਿਚੋਂ ਬਰਤਾਨਵੀ ਭਾਰਤ ਵਿਚੋਂ ਬਰਤਾਨਵੀ ਰਾਜ ਨੂੰ ਖਤਮ ਕਰਨਾ ਤੇ ਉਥੇ ਗਣਤੰਤਰ ਦੀ ਸਥਾਪਨਾ ਕਰਨਾ ਹੈ।

2 : ਐਸੋਸੀਏਸ਼ਨ ਇਕ ਸਪਤਾਹਿਕ ਪੱਤਰ ਗ਼ਦਰ ਪ੍ਰਕਾਸ਼ਤ ਕਰੇਗੀ।

3 : ਜੋ ਉਰਦੂ, ਹਿੰਦੀ, ਪੰਜਾਬੀ ਅਤੇ ਹੋਰ ਦੂਸਰੀਆਂ ਭਾਸ਼ਾਵਾਂ ਵਿਚ ਛਾਪਿਆ ਜਾਏਗਾ।

4 : ਪਾਰਟੀ ਵਿਚ ਕੋਈ ਧਾਰਮਿਕ ਵਿਚਾਰ ਨਹੀਂ ਹੋਏਗਾ।

1 : ਧਰਮ ਪੂਰਨ ਰੂਪ ਵਿਚ ਹਰ ਇਕ ਦਾ ਨਿੱਜੀ ਮਾਮਲਾ ਸਮਝਿਆ ਜਾਏਗਾ।

2 : ਇਹ ਵੀ ਫ਼ੈਸਲਾ ਹੋਇਆ ਕਿ ਮੈਂਬਰਾਂ ਨੂੰ ਕੁਰਬਾਨੀ ਅਤੇ ਬੱਚਤ

ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ।

3 : ਦਫ਼ਤਰ ਜਾਂ ਬਾਹਰ ਕੰਮ ਕਰਨ ਵਾਲਿਆਂ ਨੂੰ ਰੋਟੀ ਕਪੜਾ ਤਾਂ ਦਿੱਤਾ ਜਾਏਗਾ

4 : ਪਰ ਤਨਖਾਹ ਨਹੀਂ ਦਿੱਤੀ ਜਾਏਗੀ।

1 : ਗ਼ਦਰ ਅਖਬਾਰ ਦਾ ਪਹਿਲਾ ਅੰਕ ਪਹਿਲੀ ਨਵੰਬਰ 1913 ਨੂੰ ਪ੍ਰਕਾਸ਼ਤ ਹੋਇਆ।

2 : ਪਹਿਲੇ ਅੰਕ ਵਿਚ ਇਹ ਸਪਸ਼ਟ ਕੀਤਾ ਗਿਆ ਕਿ ਇਸਦਾ ਉਦੇਸ਼ ਇਨਕਲਾਬ ਲਿਆਉਣਾ ਹੈ ਅਤੇ ਦੇਸ਼ ਨੂੰ ਬਰਤਾਨਵੀ ਚੁੰਗਲ ਤੋਂ ਆਜ਼ਾਦ ਕਰਵਾਉਣਾ ਹੈ।

3 : ਭਾਵੇਂ ਸੰਸਥਾ ਦਾ ਨਾਂ ਹਿੰਦੀ ਐਸੋਸੀਏਸ਼ਨ ਹੀ ਰਿਹਾ

4 : ਪਰ ਗ਼ਦਰ ਸ਼ਬਦ ਦੇ ਆਸਾਨ ਉਚਾਰਨ ਕਰਕੇ ਇਹ ਅੰਦੋਲਨ ਆਮ ਲੋਕਾਂ ਵਿਚ ਗ਼ਦਰ ਲਹਿਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

1 : ਗ਼ਦਰ ਪਾਰਟੀ ਦੇ ਨਿਸ਼ਾਨੇ, ਅਸੂਲ ਅਤੇ ਮੈਂਬਰਾਂ ਦੇ ਫਰਜ਼ ਦੱਸਦੇ ਨੇ ਕਿ ਇਹ ਅੰਦੋਲਨ ਹਰ ਪ੍ਰਕਾਰ ਇਕ ਧਰਮ ਨਿਰਪੇਖਤਾ ਵਾਲਾ ਖਾੜਕੂ ਰਾਸ਼ਟਰੀ ਅੰਦੋਲਨ ਸੀ।

2 : ਗ਼ਦਰ ਗੂੰਜ ਵਿਚ ਛਪੀ ਇਕ ਨਜ਼ਮ ਇਹਨਾਂ ਆਦੇਸ਼ਾਂ ਨੂੰ ਪੂਰੀ ਤਰ੍ਹਾਂ ਰੂਪਮਾਨ ਕਰਦੀ ਹੈ।

3 : ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ
ਨਹੀਂ ਸ਼ੌਂਕ ਹੈ ਬੇੜਾ ਡੁਬਾਵਨੇ ਦਾ
ਜਪ ਜਾਪ ਦਾ ਵਕਤ ਬਤੀਤ ਹੋਇਆ
ਵੇਲਾ ਆ ਗਿਆ ਤੇਗ ਉਠਾਵਨੇ ਦਾ

4 : ਤੁਸੀਂ ਦੀਨ ਇਮਾਨ ਦੇ ਪਏ ਪਿੱਛੇ
ਫਿਕਰ ਤੁਸਾਂ ਨੂੰ ਗਿਆਨ ਧਿਆਨ ਵਾਲੇ
ਆਪਸ ਵਿਚ ਲੜਨਾ ਮੰਦਾ ਕੰਮ ਫੜਿਆ
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ
ਹੀਰਾ ਹਿੰਦ ਹੀਰਾ ਖਾਕ ਰੋਲ ਦਿੱਤਾ
ਰੌਲੇ ਘੱਤਕੇ ਵੇਦ ਕੁਰਾਨ ਵਾਲੇ
ਗਾਂਈ ਸੂਰ ਝਟਕਾ ਜੇਕਰ ਦੁੱਖ ਦਿੰਦਾ
ਗੋਰੇ ਹਨ ਤਿੰਨੇ ਚੀਜ਼ਾਂ ਖਾਣ ਵਾਲੇ

1 : ਗ਼ਦਰ ਅਖਬਾਰ ਦੀ ਗ਼ਦਰ ਲਹਿਰ ਨੂੰ ਭਾਰਤੀਆਂ ਵਿਚ ਲਿਜਾਣ ਦੀ ਖਾਸ ਭੂਮਿਕਾ ਹੈ।

2 : ਪਹਿਲੀ ਨਵੰਬਰ 1913, ਇਹ ਉਰਦੂ ਵਿਚ ਛਪਿਆ।

3 : ਜਨਵਰੀ 1914 ਇਸਦਾ ਪੰਜਾਬੀ ਐਡੀਸ਼ਨ
4 : ਅਤੇ ਬਾਅਦ ਵਿਚ ਹਿੰਦੀ, ਗੁਜਰਾਤੀ ਤੇ ਮਰਾਠੀ ਵਿਚ ਵੀ ਛਪਣਾ ਸ਼ੁਰੂ ਹੋਇਆ।
1 : ਗਿਆਨੀ ਭਗਵਾਨ ਸਿੰਘ ਦੇ ਇਕ ਹਵਾਲੇ ਅਨੁਸਾਰ ਇਹ ਇਕ ਵਕਤ 9 ਜ਼ਬਾਨਾਂ ਵਿਚ ਛੱਪਦਾ ਸੀ।
2 : ਲਾਲਾ ਹਰਦਿਆਲ ਗ਼ਦਰ ਦੇ ਸੰਪਾਦਕ ਸਨ।
3 : ਕਰਤਾਰ ਸਿੰਘ ਸਰ੍ਹਾਭਾ ਅਤੇ ਰਘੁਬੀਰ ਦਿਆਲ ਉਹਦੇ ਸਹਾਇਕ ਸਨ।
4 : ਕੁਝ ਹੀ ਸਮੇਂ ਵਿਚ ਇਹਦੀ ਮੰਗ ਏਨੀ ਵੱਧ ਗਈ ਕਿ ਕਈ ਕਾਰਕੁੰਨ ਹੋਰ ਇਹਦੇ ਵਿਚ ਲਿਆਉਣੇ ਪਏ।
1 : ਗ਼ਦਰ ਅਮਰੀਕਾ ਵਿਚ ਭਾਰਤੀਆਂ ਨੂੰ ਮੁਫ਼ਤ ਵੰਡਿਆ ਜਾਂਦਾ ਸੀ।
2 : ਕੁਝ ਸਮੇਂ ਬਾਅਦ ਕੈਨਡਾ, ਜਪਾਨ, ਚੀਨ, ਫਿਲੀਪਾਈਨਜ਼, ਮਲਾਇਆ, ਸਿਆਮ, ਅਰਜਨਟਾਈਨਾ, ਪਨਾਮਾ, ਇੰਗਲੈਂਡ ਅਤੇ ਭਾਰਤ ਵਿਚ ਵੀ ਇਹ ਵੰਡਿਆ ਜਾਣ ਲਗਾ।
3 : 1916 ਵਿਚ ਇਸਦੀ ਸਰਕੂਲੇਸ਼ਨ 10 ਲੱਖ ਤੱਕ ਪੁੱਜ ਗਈ।
4 : ਸ਼ੁਰੂ ਸ਼ੁਰੂ ਵਿਚ ਇਹ ਅਖਬਾਰ ਭਾਰਤ ਵਿਚ ਆਸਾਨੀ ਨਾਲ ਭੇਜਿਆ ਜਾ ਸਕਦਾ ਸੀ ਪਰ ਬਾਅਦ ਵਿਚ ਇਹਦੇ 'ਤੇ ਪਾਬੰਧੀ ਲਗਾ ਦਿੱਤੀ ਗਈ।
1 : ਅਮਰੀਕਾ ਤੋਂ ਜੋ ਵੀ ਪਾਰਸਲ ਭਾਰਤ ਆਉਂਦਾ, ਉਸਦੀ ਬਹੁਤ ਪੜਤਾਲ ਕੀਤੀ ਜਾਂਦੀ।
2 : ਖੁਫੀਆ ਤੌਰ 'ਤੇ ਗ਼ਦਰ ਅਖਬਾਰ ਨੂੰ ਭਾਰਤ ਪੁਚਾਣ ਦੇ ਕਈ ਉਪਰਾਲੇ ਕੀਤੇ ਗਏ ਪਰ ਇਸ ਵਿਚ ਕੋਈ ਬਹੁਤੀ ਸਫਲਤਾ ਨਾ ਮਿਲੀ।
3 : ਗ਼ਦਰ ਦੇ ਬਿਨਾਂ ਕੁਝ ਕਿਤਾਬਚੇ ਵੀ ਕੱਢੇ ਜਾਂਦੇ।
4 : ਗ਼ਦਰ ਦੀ ਗੂੰਜ ਪੰਜਾਬੀ ਦੀਆਂ ਕਵਿਤਾਵਾਂ ਦਾ ਇਕ ਖਾਸ ਕਿਤਾਬਚਾ ਹੁੰਦਾ ਸੀ, ਜੋ ਬੜਾ ਹੀ ਮਕਬੂਲ ਹੋਇਆ।
1 : ਗ਼ਦਰ ਅਖਬਾਰ ਵਿਚ ਭਾਰਤੀਆਂ ਨੂੰ ਜੰਗੇ ਆਜ਼ਾਦੀ ਵਿਚ ਤਨ, ਮਨ, ਧਨ ਦੇ ਨਾਲ ਸ਼ਾਮਲ ਹੋਣ ਦੀ ਪ੍ਰੇਰਨਾ ਹੁੰਦੀ।
2 : ਇਸ ਵਿਚ ਕਿਸ ਕਿਸਮ ਦੀ ਸਮੱਗਰੀ ਹੁੰਦੀ, ਇਸਦੀਆਂ ਕੁਝ ਮਿਸਾਲਾਂ ਇਸ ਤਰ੍ਹਾਂ ਹਨ...
3 : ਅੰਗਰੇਜ਼ ਭਾਰਤ ਤੋਂ ਹਰ ਸਾਲ 50 ਕਰੋੜ ਰੁਪਿਆ ਇੰਗਲੈਂਡ ਲਿਜਾ ਰਿਹਾ ਹੈ।
4 : 24 ਕਰੋੜ ਲੋਕਾਂ ਦੀ ਵਿਦਿਆ ਲਈ ਸਿਰਫ 7 ਕਰੋੜ ਖਰਚੇ ਜਾਂਦੇ

ਹਨ

1 : ਸਫਾਈ ਲਈ ਸਿਰਫ 2 ਕਰੋੜ

2 : ਜਦੋਂ ਕਿ ਫ਼ੌਜ ਲਈ 29 ਕਰੋੜ ਖਰਚ ਕੀਤੇ ਜਾਂਦੇ ਹਨ

3 : ਕਾਲ ਤੇ ਕਾਲ ਪੈ ਰਹੇ ਹਨ ਤੇ ਪਿਛਲੇ ਦਸ ਸਾਲਾਂ ਵਿਚ ਦੋ ਕਰੋੜ ਲੋਕ ਭੁੱਖਮਾਰੀ ਦਾ ਸ਼ਿਕਾਰ ਹੋ ਗਏ ਹਨ

4 : ਭਾਰਤ ਦਾ ਪੈਸਾ ਅਤੇ ਭਾਰਤੀਆਂ ਦੀਆਂ ਜਾਨਾਂ ਨੂੰ ਦਾਅ 'ਤੇ ਲਗਾਕੇ ਅਫਗਾਨਿਸਤਾਨ, ਬਰਮਾ, ਮਿਸਰ, ਈਰਾਨ ਅਤੇ ਚੀਨ ਦੇ ਵਿਰੁੱਧ ਮੁਹਿੰਮਾ ਲੜੀਆਂ ਜਾਂਦੀਆਂ ਹਨ।

1 : 1857 ਦੇ ਗ਼ਦਰ ਦੇ ਬਅਦ ਹੁਣ 57 ਸਾਲ ਗੁਜ਼ਰ ਗਏ ਹਨ, ਇਸ ਲਈ ਹੁਣ ਇਕ ਹੋਰ ਗ਼ਦਰ ਦੀ ਲੋੜ ਹੈ।

2 : ਗ਼ਦਰ ਅਖਬਾਰ ਜਿਥੇ ਬਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿਚ ਕੌਮੀ ਜਾਗ੍ਰਿਤੀ ਪੈਦਾ ਕਰਨ ਦਾ ਸਾਧਨ ਬਣਿਆ

3 : ਉਥੇ ਲਹਿਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਦੇਂਦਿਆਂ ਹੋਇਆਂ ਲਹਿਰ ਦਾ ਯੁੱਗ ਬਣਿਆ।

4 : ਉਠੋ ਸ਼ੇਰੋ,

1 : ਹਿੰਮਤ ਕਰੋ,

2 : ਆਪਣੇ ਦੇਸ਼ ਦੀ ਸੇਵਾ ਕਰੋ,

3 : ਆਪਣੇ ਫਰਜ਼ ਦੀ ਪਾਲਣਾ ਕਰੋ,

4 : ਦੁਸ਼ਮਣ ਤੁਹਾਨੂੰ ਲੁੱਟ ਰਿਹਾ ਹੈ,

1 : ਉਠੋ ਦੇਸ਼ ਦੇ ਲਈ ਚਾਲੇ ਪਾਓ,

2 : ਗ਼ਦਰ ਦੀ ਤਿਆਰੀ ਕਰੋ,

3 : ਅਤੇ ਅੰਗਰੇਜ਼ਾਂ ਨੂੰ ਆਪਣੇ ਦੇਸ਼ 'ਚੋਂ ਕੱਢ ਭਜਾਓ।

4 : ਗ਼ਦਰ ਅਖਬਾਰ ਦੀ ਅੰਦੋਲਨ ਨੂੰ ਦੇਣ ਬਾਰੇ ਸਰ ਮਾਈਕਲ ਓਡਵਾਇਰ ਦੀ ਇਕ ਲਿਖਤ ਵਿਚ ਲਿਖਿਆ ਹੈ...

1 : ਗ਼ਦਰ ਅਖਬਾਰ ਪੰਜਾਬ ਦੇ ਲੋਕਾਂ ਵਿਚ ਅਤੇ ਬਦੇਸ਼ਾਂ ਵਿਚ ਭਾਰਤੀਆਂ ਦਰਮਿਆਨ ਬਗਾਵਤ ਫੈਲਾਉਣ ਲਈ ਖਤਰਨਾਕ ਹਥਿਆਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਸਰਕਾਰ ਲਈ ਇਸਦਾ ਨੋਟਿਸ ਲੈਣਾ ਬੜਾ ਜ਼ਰੂਰੀ ਹੈ।

2 : ਗ਼ਦਰ ਪਾਰਟੀ ਦੀ ਯੋਜਨਾ ਭਾਵੇਂ ਸਾਰੇ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਸੀ

3 : ਪਰ ਇਹ ਕੰਮ ਪੜਾਅ ਦਰ ਪੜਾਅ ਸਿਰੇ ਚੜ੍ਹਾਇਆ ਜਾਂਦਾ ਸੀ।

4 : ਗ਼ਦਰੀ ਜਾਣਦੇ ਸਨ ਕਿ ਭਾਰਤ ਵਿਚ ਬੰਗਾਲ ਦੇ ਸਿਵਾ ਕਿਧਰੇ

ਵੀ ਕੋਈ ਇਨਕਲਾਬੀ ਜਥੇਬੰਦੀ ਨਹੀਂ ਸੀ।

5 : ਇਸ ਲਈ ਗ਼ਦਰ ਦੀ ਟੇਕ ਬਹੁਤ ਫ਼ੌਜ 'ਤੇ ਸੀ।

2 : ਉਹਨਾਂ ਦੀ ਸਮਝ ਅਨੁਸਾਰ ਫ਼ੌਜ ਵਿਚ ਕੰਮ ਕਰਨਾ ਆਸਾਨ ਏ।

3 : ਫ਼ੌਜੀਆਂ ਨੂੰ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਤਿਆਰ ਕੀਤਾ ਜਾ ਸਕਦਾ ਹੈ।

4 : ਗ਼ਦਰੀ ਆਪ ਵੀ 75 ਫੀਸਦੀ ਸਾਬਕਾ ਫ਼ੌਜੀ ਸਨ।

1 : ਕਾਰਵਾਈ ਦੀ ਯੋਜਨਾ ਦੇ ਦੋ ਪੱਖ ਸਨ।

2 : ਇਕ ਪੱਖ ਸੀ ਕਿ ਭਾਰਤ ਵਿਚ ਅੰਗਰੇਜ਼ ਸ਼ਾਸ਼ਨ ਨੂੰ ਅੰਤਮ ਸੱਟ ਉਸ ਵੇਲੇ ਮਾਰੀ ਜਾਏ ਜਦੋਂ ਉਹ ਕਿਸੀ ਵੱਡੀ ਤਾਕਤ ਨਾਲ ਜੰਗ ਵਿਚ ਉਲਝਿਆ ਹੋਵੇ ਤੇ ਅੰਗਰੇਜ਼ ਸੈਨਕ ਵੱਡੀ ਗਿਣਤੀ ਵਿਚ ਭਾਰਤ ਤੋਂ ਬਾਹਰ ਹੋਣ।

3 : ਦੂਜਾ ਪੱਖ ਸੀ ਕਿ ਅੰਗਰੇਜ਼ ਰਿਧੀ ਜੋ ਵੀ ਸ਼ਕਤੀਆਂ ਹੋਣ ਉਹਨਾਂ ਦੀ ਵੱਧ ਤੋਂ ਵੱਧ ਮਦਦ ਲਈ ਜਾਏ।

4 : ਇਕ ਸਿਲਸਿਲੇ ਵਿਚ ਜਰਮਨੀ ਦੀ ਮਦਦ ਲੈਣ ਦਾ ਵੀ ਯਤਨ ਕੀਤਾ ਗਿਆ।

1 : ਪਹਿਲੀ ਸੰਸਾਰ ਜੰਗ ਇਸਦੇ ਲਈ ਸਹੀ ਮੌਕਾ ਸੀ।

2 : ਗ਼ਦਰ ਪਾਰਟੀ ਦੇ ਹੋਰ ਪ੍ਰੋਗਰਾਮਾਂ ਵਿਚ ਭਾਰਤੀ ਵਿਦਿਆਰਥੀਆਂ ਨੂੰ ਫ਼ੌਜੀ ਸਿਖਲਾਈ ਦੇਣ ਦਾ ਸੀ

3 : ਤੇ ਇਸ ਸਿਖਲਾਈ ਵਿਚ ਗੁਰੀਲਾ ਯੁੱਧ ਨੀਤੀਆਂ ਵੀ ਸ਼ਾਮਲ ਸਨ।

4 : ਕਰਤਾਰ ਸਿੰਘ ਸਰ੍ਹਾਭਾ ਨੇ ਹਵਾਈ ਜਹਾਜ਼ਾਂ ਦੀ ਸਿਖਲਾਈ ਵੀ ਇਸੇ ਯੋਜਨਾ ਦੇ ਅਧੀਨ ਲਈ।

1 : ਇਸੇ ਯੋਜਨਾ ਦੇ ਅਧੀਨ ਇਹਨਾਂ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਭਾਰਤ ਭੇਜਿਆ ਜਾਣਾ ਸੀ।

2 : ਉਥੇ ਉਹਨਾਂ ਨੇ ਫ਼ੌਜ ਵਿਚ ਕੰਮ ਕਰਨਾ ਸੀ।

3 : ਗ਼ਦਰ ਦੇ 13 ਜਨਵਰੀ 1914 ਦੇ ਅੰਕ ਵਿਚ ਗ਼ਦਰੀਆਂ ਨੂੰ ਅਫਗਾਨਿਸਤਾਨ ਜਾ ਕੇ ਰਾਈਫਲ ਬਨਾਉਣ ਦੀ ਤਕਨੀਕ ਸਿੱਖਣ ਅਤੇ ਫੇਰ ਪੰਜਾਬ ਵਿਚ ਜਾਣ ਦੀਆਂ ਹਿਦੈਤਾਂ ਦਰਜ ਸਨ।

4 : ਹਥਿਆਰਾਂ ਲਈ ਅਮਰੀਕਾ ਵਿਚ ਵੱਸੇ ਭਾਰਤੀ ਦਿਲ ਖੋਲ੍ਹਕੇ ਫੰਡ ਦੇਂਦੇ ਸਨ।

1 : 1917 ਦੇ ਸਾਨਫਰਾਂਸਿਸਕੋ ਮੁਕੱਦਮੇ ਦੀ ਪੜਤਾਲੀਆ ਅਦਾਲਤ ਵੀ ਗ਼ਦਰ ਪਾਰਟੀ ਦੇ ਪ੍ਰੋਗਰਾਮਾਂ ਉਤੇ ਰੋਸ਼ਨੀ ਪਾਉਂਦੀ ਹੈ।

2 : ਇਸਨੇ ਅਮਰੀਕਾ ਦੀਆਂ ਵੱਖ-ਵੱਖ ਰੀਪਬਲਿਕਾਂ ਵਿਚੋਂ ਵਾਲੰਟੀਅਰ

ਇਕੱਠੇ ਕਰਨੇ ਸਨ।

3 : ਉਹਨਾਂ ਨੂੰ ਫ਼ੌਜੀ ਸਿਖਿਆ ਦੇਣੀ ਸੀ

4 : ਅਤੇ ਵਿਸਫੋਟਕ ਪਦਾਰਥਾਂ ਦੀ ਵਰਤੋਂ ਸਿਖਾਈ ਸੀ।

1 : ਸਾਰੀ ਸਿਖਲਾਈ ਦੇ ਲਈ ਸਾਧਨ ਫੰਡ ਇਕੱਠਾ ਕਰਕੇ ਜਾਂ ਜਰਮਨ ਕੌਂਸਲ ਖਾਨੇ ਦੀ ਮਦਦ ਨਾਲ ਜੁਟਾਉਣੇ ਸਨ।

2 : ਇਹਨਾਂ ਵਾਲੰਟੀਅਰਾਂ ਨੂੰ ਵੱਖ-ਵੱਖ ਜਹਾਜ਼ਾਂ ਦੇ ਰਾਹੀਂ ਅਮਰੀਕਾ ਤੋਂ ਭਾਰਤ ਭੇਜਿਆ ਜਾਣਾ ਸੀ।

3 : ਉਥੇ ਇਨਕਲਾਬੀ ਲਿਟਰੇਚਰ ਪੁਚਾਉਣਾ ਸੀ ਤਾਂ ਜੋ ਸਾਧਾਰਨ ਲੋਕਾਂ ਦਾ ਆਮ ਸਹਿਯੋਗ ਲਿਆ ਜਾ ਸਕੇ।

4 : ਅਮਰੀਕਾ ਅਤੇ ਕੈਨੇਡਾ ਵਿਚ ਜਦੋਂ ਇਸ ਗ਼ਦਰ ਦੀ ਤਿਆਰੀ ਹੋ ਰਹੀ ਸੀ।

1 : ਤੇ ਭਾਰਤ ਵਿਚ ਜੰਗੇ ਆਜ਼ਾਦੀ ਹਾਲੇ ਕੋਈ ਨਿਸ਼ਚਿਤ ਰੂਪ ਨਹੀ ਧਾਰ ਸਕੀ ਸੀ।

2 : ਕੌਮੀ ਅੰਦੋਲਨ ਕੁਝ ਮੰਗਾਂ ਮਨਵਾਉਣ ਤੱਕ ਹੀ ਸੀਮਿਤ ਸਨ।

3 : ਜਿਨ੍ਹਾਂ ਦਾ ਖਾਕਾ ਪੂਰੀ ਤਰ੍ਹਾਂ ਸੁਧਾਰ ਵਾਲਾ ਸੀ।

4 : ਅੰਗਰੇਜ਼ ਦੇ ਝੋਲੀ ਚੁੱਕ ਪੜ੍ਹੀ ਲਿਖੀ ਜਮਾਤ ਵਿਚ ਕਾਫੀ ਵੱਡੀ ਗਿਣਤੀ ਵਿਚ ਸਨ।

1 : ਜਿਹੜੇ ਸਮਝਦੇ ਸਨ ਕਿ ਭਾਰਤ ਵਿਚ ਹੋਈ ਤਕਨੀਕੀ ਤਰੱਕੀ ਅੰਗਰੇਜ਼ਾਂ ਦੀ ਹੀ ਦੇਣ ਹੈ

2 : ਉਹਨਾਂ ਅਨੁਸਾਰ ਭਾਰਤੀ ਮੂਰਖ ਸਨ, ਜਿਨ੍ਹਾਂ ਨੂੰ ਅੰਗਰੇਜ਼ ਨੇ ਤਹਿਜ਼ੀਬ ਸਿਖਾਈ ਹੈ।

3 : ਅੰਗਰੇਜ਼ ਆਪਣੀਆਂ ਚਾਲਾਂ ਵਿਚ ਕਾਮਯਾਬ ਸੀ,

4 : ਉਹਨੇ ਹਿੰਦੂ, ਮੁਸਲਿਮ, ਸਿੱਖ ਧਰਮਾਂ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਬਣਵਾਉਣ ਵਿਚ ਮਦਦ ਕੀਤੀ।

1 : ਪੰਜਾਬ ਵਿਚ ਡੀ.ਏ.ਵੀ. ਕਾਲਜ, ਇਸਲਾਮੀਆ ਕਾਲਜ ਅਤੇ ਖ਼ਾਲਸਾ ਕਾਲਜ ਅੰਗਰੇਜ਼ਾਂ ਦੀ ਹੀ ਦੇਣ ਹੈ।

2 : ਇਹਨਾਂ ਸੰਸਥਾਵਾਂ ਵਿਚ ਦਿੱਤੀ ਜਾਂਦੀ ਸਿੱਖਿਆ ਗ਼ਦਰੀ ਉਦੇਸ਼ਾਂ ਦੇ ਐਨ ਉਲਟ ਸੀ।

3 : ਗ਼ਦਰ ਲਹਿਰ ਨੇ ਅੰਗਰੇਜ਼ਾਂ ਦੇ ਨਾਲ ਨਾਲ ਇਹਨਾਂ ਸੰਸਥਾਵਾਂ ਵਿਚ ਕੀਤੇ ਜਾ ਰਹੇ ਪ੍ਰਚਾਰ ਦਾ ਵੀ ਮੁਕਾਬਲਾ ਕਰਨਾ ਸੀ।

4 : ਜਿਹੜਾ ਜੜ੍ਹ ਰੂਪ ਵਿਚ ਧਾਰਮਿਕ ਸ਼ਾਵਨਵਾਦ ਨੂੰ ਵਧਾਉਣ ਦਾ ਜ਼ਿੰਮੇਵਾਰ ਸੀ।

1 : ਲਾਲਾ ਹਰਦਿਆਲ ਦਾ ਅਮਰੀਕਾ ਤੋਂ ਦੇਸ਼ ਨਿਕਾਲਾ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਹੈ।
2 : ਅੰਗਰੇਜ਼ ਸਾਮਰਾਜੀ ਹਕੂਮਤ ਸਮਝਦੀ ਸੀ ਕਿ ਗ਼ਦਰ ਲਹਰ ਦੇ ਲੋਕ ਸਭ ਭੋਲੇ ਅਤੇ ਮੂਰਖ ਨੇ।
3 : ਲਾਲਾ ਹਰਦਿਆਲ ਹੀ ਉਹਨਾਂ ਵਿਚ ਸਭ ਤੋਂ ਅਕਲਮੰਦ ਏ।
4 : ਜੇਕਰ ਕਿਸੇ ਤਰ੍ਹਾਂ ਇਸ ਨੂੰ ਰਸਤੇ ਵਿਚੋਂ ਹਟਾ ਦਿੱਤਾ ਜਾਏ
1 : ਤਾਂ ਲਹਿਰ ਲੀਡਰ ਬਿਨਾਂ ਆਪਣੇ ਆਪ ਢਿੱਲੀ ਪੈ ਜਾਏਗੀ।
2 : ਇਸੇ ਸਾਮਰਾਜੀ ਸੋਚ ਅਨੁਸਾਰ ਹਾਪਕਿਸਨ
3 : ਜੋ ਬਰਤਾਨਵੀ ਖੁਫੀਆ ਏਜੰਸੀ ਦਾ ਕਾਰਕੁਨ ਸੀ
4 : ਅਤੇ ਜਾਸੂਸੀ ਕੰਮਾਂ ਦਾ ਮਾਹਿਰ ਸੀ
1 : ਉਸਨੇ ਲੰਡਨ ਤੋਂ ਬਦੇਸ਼ੀ ਮਹਿਕਮੇ ਦੇ ਰਾਹੀਂ ਹਿੰਦ ਸਰਕਾਰ ਨੂੰ ਲਿਖਿਆ
2 : ਜੇਕਰ ਲਾਲਾ ਹਰਦਿਆਲ ਦੇ ਖਿਲਾਫ ਕੋਈ ਵਾਰੰਟ ਹੈ ਤਾਂ ਦੇ ਦੋਵੇ
3 : ਤਾਂ ਜੋ ਉਸਨੂੰ ਧੋਖੇ ਨਾਲ ਕੈਨੇਡਾ ਮੰਗਵਾਇਆ ਜਾ ਸਕੇ ਤੇ ਉਥੇ ਗ੍ਰਿਫ਼ਤਾਰ ਕੀਤਾ ਜਾ ਸਕੇ।
4 : ਕੈਨੇਡਾ ਬ੍ਰਿਟਿਸ਼ ਐਮਪਾਇਰ ਦਾ ਇਕ ਹਿੱਸਾ ਸੀ ਤੇ ਉਥੇ ਉਹੀ ਕਾਨੂੰਨ ਲਾਗੂ ਹੁੰਦੇ ਸਨ ਜੋ ਬਰਤਾਨੀਆ ਜਾਂ ਹੋਰ ਬਰਤਾਨਵੀ ਬਸਤੀਆਂ ਵਿਚ ਲਾਗੂ ਹੁੰਦੇ ਸਨ।
1 : ਜਦੋਂ ਕਿ ਇਸਦੇ ਉਲਟ ਅਮਰੀਕਾ ਇਕ ਆਜ਼ਾਦ ਦੇਸ਼ ਸੀ।
2 : ਹਿੰਦ ਸਰਕਾਰ ਨੇ ਮਿਸਲਾਂ ਫ਼ੌਜੀਆਂ ਤੇ ਇਹ ਦੱਸਿਆ
3 : ਕਿ ਐਸੀ ਕੋਈ ਚੀਜ਼ ਨਹੀਂ ਮਿਲਦੀ, ਜਿਸਦੀ ਬਿਨਾਂ 'ਤੇ ਲਾਲਾ ਹਰਦਿਆਲ ਦੇ ਵਿਰੁੱਧ ਵਾਰੰਟ ਕੱਢੇ ਜਾ ਸਕਦੇ ਹਨ।
4 : ਇਹ ਜਵਾਬ ਆਉਣ 'ਤੇ ਕੈਨੇਡਾ ਸਰਕਾਰ ਨੇ ਹਾਪਕਿਨਸਨ ਦੀ ਲਾਲਾ ਜੀ ਨੂੰ ਧੋਖੇ ਨਾਲ ਕੈਨਡਾ ਬੁਲਾਕੇ ਗ੍ਰਿਫ਼ਤਾਰ ਕਰਨ ਦੀ ਚਾਲ ਨਾ ਮੰਨੀ।
1 : ਹਾਪਕਿਨਸਨ ਨੇ ਫਿਰ ਲਾਲਾ ਜੀ ਦੀ ਇਕ ਤਿੰਨ ਸਾਲ ਪੁਰਾਣੀ ਤਕਰੀਰ ਕੱਢ ਲਈ।
2 : ਜੋ ਉਹਨਾਂ ਨੇ ਰੂਸ ਦੇ ਇਨਕਲਾਬੀਆਂ ਵੱਲੋਂ ਬੁਲਾਏ ਹੋਏ ਇਕ ਅਮਰੀਕਨਾਂ ਦੇ ਜਲਸੇ ਵਿਚ ਕੀਤੀ ਸੀ।
3 : ਇਸ ਤਕਰੀਰ ਵਿਚ ਲਾਲਾ ਜੀ ਨੇ ਰੂਸ ਦੀ ਜ਼ਾਰ ਹਕੂਮਤ ਵਿਰੁੱਧ ਬੋਲਦੇ ਹੋਏ ਹੋਰ ਵੀ ਹਕੂਮਤੀ ਪ੍ਰਬੰਧਾਂ ਦੀ ਵਿਰੋਧਤਾ ਕੀਤੀ ਸੀ।
4 : ਇਸ ਵਿਚ ਅਮਰੀਕੀ ਹਕੂਮਤ ਅਤੇ ਉਸਦੇ ਝੰਡੇ ਵਿਰੁੱਧ ਵੀ ਬਹੁਤ

ਕੁਝ ਕਿਹਾ ਸੀ।

1 : ਅਮਰੀਕੀ ਕਾਨੂੰਨ ਅਨੁਸਾਰ ਕੋਈ ਵੀ ਪ੍ਰਦੇਸੀ ਅਮਰੀਕਾ ਦੀ ਧਰਤੀ 'ਤੇ ਅਮਰੀਕਾ ਦੀ ਹਕੂਮਤ ਅਤੇ ਇਸਦੇ ਵਿਧਾਨ ਵਿਰੁੱਧ ਪ੍ਰਚਾਰ ਨਹੀਂ ਕਰ ਸਕਦਾ।

2 : ਇਹੋ ਜਿਹੇ ਵਿਅਕਤੀ ਲਈ ਦੇਸ਼ ਨਿਕਾਲਾ ਘੱਟ ਤੋਂ ਘੱਟ ਸਜ਼ਾ ਹੈ।

3 : ਇਸ ਤਕਰੀਰ ਨੂੰ ਬਰਤਾਨੀ ਕੌਂਸਲ ਨੇ ਅਮਰੀਕਾ ਦੀ ਸਰਕਾਰ ਦੇ ਧਿਆਨ ਵਿਚ ਲਿਆਂਦਾ।

4 : ਤੇ ਲਾਲਾ ਹਰਦਿਆਲ ਉਤੇ ਮੁਕੱਦਮਾ ਚਲਾਕੇ ਦੇਸ਼ ਨਿਕਾਲੇ ਦਾ ਕੇਸ ਤਿਆਰ ਕਰ ਲਿਆ।

1 : ਇਸੇ ਪਲੈਨ ਦੇ ਅਨੁਸਾਰ ਲਾਲਾ ਹਰਦਿਆਲ ਨੂੰ 25 ਮਾਰਚ 1914 ਦੀ ਸ਼ਾਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

2 : ਗ਼ਦਰੀ ਸਾਥੀਆਂ ਵੱਲੋਂ ਲਾਲਾ ਜੀ ਨੂੰ ਇਕ ਹਜ਼ਾਰ ਡਾਲਰ ਦੀ ਜ਼ਮਾਨਤ 'ਤੇ ਬਾਹਰ ਲਿਆਂਦਾ ਗਿਆ।

3 : ਇਕ ਮਸਲੇ 'ਤੇ ਪਾਰਟੀ ਨੇ ਅਗੇ ਸਲਾਹ ਮਸ਼ਵਰਾ ਕੀਤਾ।

4 : ਇਹ ਸੋਚ ਬਣੀ ਕਿ ਜਿਹੜੀ ਹਕੂਮਤ ਬਰਤਾਨਵੀਆਂ ਦੇ ਕਹਿਣ 'ਤੇ ਲਾਲਾ ਜੀ ਨੂੰ ਗ੍ਰਿਫ਼ਤਾਰ ਕਰ ਸਕਦੀ ਏ

1 : ਉਹ ਇਹ ਵੀ ਕਰ ਸਕਦੀ ਏ ਕਿ ਸਾਜ਼ਸ਼ੀ ਤਰੀਕੇ ਨਾਲ ਲਾਲਾ ਜੀ ਨੂੰ ਜਹਾਜ਼ ਵਿਚ ਸਵਾਰ ਕਰਕੇ ਬਰਤਾਨਵੀ ਹਕੂਮਤ ਦੇ ਹਵਾਲੇ ਕਰ ਦੇਵੇ।

2 : ਇਸੇ ਪਾਰਟੀ ਦੀ ਇੰਤਜ਼ਾਮੀਆ ਕਮੇਟੀ ਨੇ ਇਹੀ ਫ਼ੈਸਲਾ ਕਤਾ ਕਿ ਲਾਲਾ ਜੀ ਨੂੰ ਆਪਣੇ ਤੌਰ 'ਤੇ ਹੀ ਅਮਰੀਕਾ ਤੋਂ ਬਾਹਰ ਭੇਜ ਦਿੱਤਾ ਜਾਏ।

3 : ਇਸ ਫ਼ੈਸਲੇ ਦੇ ਅਨੁਸਾਰ ਹੀ ਅਪ੍ਰੈਲ 1914 ਦੇ ਪਹਿਲੇ ਹਫਤੇ ਚੁਪ ਚਾਪ ਨਿਊਯਾਰਕ ਲਿਜਾਕੇ ਯੋਰਪ ਨੂੰ ਜਾਣ ਵਾਲੇ ਇਕ ਜਹਾਜ਼ 'ਤੇ ਚੜ੍ਹਾ ਦਿਤਾ ਗਿਆ ਅਤੇ ਉਹ ਸਹੀ ਸਲਾਮਤ ਸਵਿਜ਼ਰਲੈਂਡ ਪੁੱਜ ਗਏ।

4 : ਲਾਲਾ ਜੀ ਦੇ ਜਾਣ ਦੇ ਬਾਅਦ ਪਾਰਟੀ ਨੇ ਆਪਣੇ ਢਾਂਚੇ ਵਿਚ ਇਕ ਦਮ ਤਬਦੀਲੀ ਕੀਤੀ।

1 : ਕੰਮ ਦੀ ਨਿਗਰਾਨੀ ਲਈ ਬਾਬਾ ਸੋਹਨ ਸਿੰਘ ਭਕਨਾ ਯੁਗੰਤਰ ਆਸ਼ਰਮ ਵਿਚ ਪੱਕੇ ਤੌਰ 'ਤੇ ਆ ਗਏ।

2 : ਲਾਲਾ ਜੀ ਦੀ ਥਾਂ ਭਾਈ ਸੰਤੋਖ ਸਿੰਘ ਜਨਰਲ ਸਕੱਤਰ ਬਣੇ।

3 : ਪੰਡਤ ਜਗਤ ਰਾਮ ਹਰਿਆਣਾ, ਪੰਡਤ ਸੋਹਣ ਲਾਲ ਪਾਠਕ ਅਤੇ ਬਾਬਾ ਪ੍ਰਿਥੀ ਸਿਘ ਆਜ਼ਾਦ ਪੱਕੇ ਤੌਰ 'ਤੇ ਯੁਗੰਤਰ ਆਸ਼ਰਮ ਵਿਚ ਕੰਮ ਕਰਨ ਲਗੇ।

4 : ਪਹਿਲੇ ਜਨਰਲ ਸਕੱਤਰ ਅਤੇ ਅਖਬਾਰ ਗ਼ਦਰ ਦੇ ਐਡੀਟਰ ਦੇ ਦੋਨੋਂ ਕੰਮ ਲਾਲਾ ਹਰਦਿਆਲ ਕਰਦੇ ਸਨ।

1 : ਹੁਣ ਬਾਬਾ ਹਰਨਾਮ ਸਿੰਘ ਕੋਟਲਾ ਨੌਧ ਅਖਬਾਰ ਦੇ ਐਡੀਟਰ ਬਣੇ।

2 : ਕੰਮ ਬਹੁਤ ਚੰਗੀ ਤਰ੍ਹਾਂ ਚੱਲਣ ਲਗ ਪਿਆ।

3 : ਅੰਗਰੇਜ਼ੀ ਸਾਮਰਾਜ ਦੀ ਲਹਿਰ ਕੋਲੋਂ ਲੀਡਰ ਖੋਹਣ ਦੀ ਨੀਤੀ ਕਿਸੇ ਤਰ੍ਹਾਂ ਵੀ ਕਾਮਯਾਬ ਨਾ ਹੋਈ।

4 : ਆਪਣੀ ਇਸ ਹਾਰ ਨੂੰ ਸਾਮਰਾਜੀਆਂ ਨੇ ਇਕ ਦਸਤਾਵੇਜ਼ ਵਿਚ ਆਪ ਮੰਨਿਆ ਹੈ...

1 : ਲਾਲਾ ਹਰਦਿਆਲ ਦੇ ਦੇਸ਼ ਨਿਕਾਲੇ ਦੇ ਕਾਰਨ ਯੁਗੰਤਰ ਆਸ਼ਰਮ ਦਾ ਕੰਮ ਢਿੱਲਾ ਨਹੀਂ ਪਿਆ ਸਗੋਂ ਉਸ ਨੂੰ ਨਵਾਂ ਜੋਸ਼ ਮਿਲਿਆ ਹੈ।

2 : ਇਥੇ ਇਹ ਵੀ ਗੱਲ ਸਿੱਧ ਹੋਈ ਕਿ ਕਿਸੇ ਇਕੱਲੇ ਲੀਡਰ ਦੇ ਸਿਰ 'ਤੇ ਲਹਿਰਾਂ ਨਹੀਂ ਚਲਦੀਆਂ

3 : ਲੀਡਰ ਲਹਿਰ ਪੈਦਾ ਨਹੀਂ ਕਰਦੇ, ਸਗੋਂ ਲਹਿਰ ਲੀਡਰ ਪੈਦਾ ਕਰਦੀ ਹੈ।

4 : ਗ਼ਦਰ ਲਹਿਰ ਦੇ ਇਤਿਹਾਸ ਵਿਚ ਕਾਮਾਗਾਟਾਮਾਰ ਜਹਾਜ਼ ਅਤੇ ਬੱਜਬੱਜ ਘਾਟ ਦਾ ਖ਼ੂਨੀ ਸਾਕਾ ਵਿਸ਼ੇਸ਼ ਥਾਂ ਰੱਖਦੇ ਹਨ।

1 : ਭਾਵੇਂ ਇਹ ਸਚਾਈ ਹੈ ਕਿ ਕਾਮਾਗਾਟਾਮਾਰੂ ਜਹਾਜ਼ ਨਾਂ ਤਾਂ ਗ਼ਦਰ ਪਾਰਟੀ ਦਾ ਉਪਰਾਲਾ ਸੀ ਅਤੇ ਨਾ ਹੀ ਇਹਦਾ ਗ਼ਦਰ ਪਾਰਟੀ ਨਾਲ ਕੋਈ ਸਿੱਧਾ ਵਾਸਤਾ ਸੀ।

2 : ਅਸਲ ਵਿਚ ਇਹ ਕੈਨੇਡਾ ਸਰਕਾਰ ਦੇ ਉਸ ਕਾਨੂੰਨ ਦਾ ਨਤੀਜਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਕੋਈ ਵੀ ਪ੍ਰਵਾਸੀ ਕੈਨੇਡਾ ਵਿਚ ਤਾਂ ਹੀ ਆ ਸਕਦਾ ਜੇ ਉਸਦੇ ਕੋਲ ਕੈਨੇਡਾ ਤੋਂ ਜਾਰੀ ਕੀਤਾ ਸਿੱਧਾ ਟਿਕਟ ਹੋਵੇ ਅਤੇ ਉਹ ਸਿੱਧੇ ਸਫਰ ਰਹੀਂ ਹੀ ਆਪਣੇ ਦੇਸ਼ ਤੋਂ ਕੈਨੇਡਾ ਆਏ

3 : ਭਾਰਤ ਤੋਂ ਕੋਈ ਜਹਾਜ਼ ਸਿੱਧਾ ਕੈਨੇਡਾ ਨਹੀਂ ਆਉਂਦੇ ਸੀ ਇਸ ਲਈ ਇਸ ਕਾਨੂੰਨ ਤੋਂ ਬਚਣ ਲਈ ਭਾਰਤੀਆਂ ਨੇ ਚਾਰਟਿਡ ਜਹਾਜ਼ਾਂ ਨਾਲ ਕੈਨੇਡਾ ਪੁੱਜਣ ਦੀ ਠਾਣੀ।

4 : ਕੁਝ ਵਪਾਰੀ ਕਿਸਮ ਦੇ ਲੋਕਾਂ ਨੇ ਇਸ ਸਫ਼ਰ ਨੂੰ ਵਪਾਰ ਦੇ ਤੌਰ 'ਤੇ ਅਪਨਾਉਣਾ ਚਾਹਿਆ, ਪਰ ਪੂਰੀ ਗਿਣਤੀ ਵਿਚ ਮੁਸਾਫਰ

ਨਾ ਮਿਲਣ ਕਰਕੇ ਇਸਦੇ ਵਿਚ ਕੋਈ ਵਾਧਾ ਨਾ ਹੋ ਸਕਿਆ।

1 : ਭਾਈ ਗੁਰਦਿੱਤ ਸਿੰਘ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ।

2 : ਉਹ ਮਲਾਇਆ ਵਿਚ ਠੇਕੇਦਾਰੀ ਦਾ ਕੰਮ ਕਰਦਾ ਸੀ।

3 : ਭਾਰਤੀਆਂ ਦੀ ਕੈਨਡਾ ਤੇ ਅਮਰੀਕਾ ਜਾਣ ਦੀ ਬਹੁਤ ਲਾਲਸਾ ਸੀ।

4 : ਗੁਰਦਿਤ ਸਿੰਘ ਨੇ ਸੋਚਿਆ, ਜੇਕਰ ਕਿਸੇ ਜਹਾਜ਼ ਦਾ ਬੰਦੋਬਸਤ ਹੋ ਜਾਏ ਤਾਂ ਚੰਗਾ ਮੁਨਾਫਾ ਕਮਾਇਆ ਜਾ ਸਕਦਾ ਹੈ।

1 : ਇਸ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਸਨੇ ਸਿੰਘਾਪੁਰ ਵਿਚੋਂ ਗੁਜ਼ਰਦੇ ਹੋਏ ਭਾਰਤੀ ਮੂਲ ਦੇ ਕੈਨੇਡੀਅਨਾਂ ਤੋਂ ਕਾਫੀ ਪੁੱਛ-ਗਿੱਛ ਕੀਤੀ।

2 : ਇਹਨਾਂ ਵਿਚ ਕੁਝ ਲੋਕ ਇਹੋ ਜਿਹੇ ਵੀ ਸਨ ਜੋ ਗ਼ਦਰ ਅਖਬਾਰ ਪੜ੍ਹਕੇ ਗ਼ਦਰ ਲਹਿਰ ਨਾਲ ਜੁੜ ਗਏ ਸਨ।

3 : ਗ਼ਦਰ ਪਾਰਟੀ ਨੇ ਬਕਾਇਦਾ ਤੌਰ 'ਤੇ ਵੀ ਬਾਬਾ ਗੁਰਦਿੱਤ ਸਿੰਘ ਨੂੰ ਸਹਿਯੋਗ ਦਿੱਤਾ

4 : ਕਿਉਂਕਿ ਉਹ ਜਾਣਦੇ ਸਨ ਕਿ ਜੇਕਰ ਬਾਬਾ ਗੁਰਦਿੱਤ ਸਿੰਘ ਆਪਣੇ ਕੰਮ ਵਿਚ ਕਾਮਯਾਬ ਹੋ ਜਾਂਦੇ ਹਨ

1 : ਤਾਂ ਉਹਨਾਂ ਦੀ ਲਹਿਰ ਨੂੰ ਸਹਾਇਤਾ ਮਿਲਦੀ ਹੈ।

2 : ਕੁਝ ਨੌਜਵਾਨ ਐਸੇ ਕੈਨੇਡਾ ਪਹੁੰਚ ਸਕਦੇ ਹਨ ਜੋ ਗ਼ਦਰ ਲਹਿਰ ਨੂੰ ਫੈਲਾਉਣ ਵਿਚ ਸਹਾਇਤਾ ਕਰ ਸਕਦੇ ਹਨ।

3 : 28 ਮਾਰਚ 1914 ਨੂੰ ਜਾਪਾਨ ਦੀ ਇਕ ਜਹਾਜ਼ੀ ਕੰਪਨੀ ਨੇ ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਬਾਬਾ ਗੁਰਦਿੱਤ ਸਿੰਘ ਨੂੰ ਦਿੱਤਾ।

4 : ਭਾਤਰੀਆਂ ਨੂੰ ਕਿਉਂਕਿ ਜ਼ਰੂਰਤ ਸੀ, ਇਸ ਲਈ ਜਹਾਜ਼ ਕਾਫੀ ਮਹਿੰਗੀਆਂ ਸ਼ਰਤਾਂ 'ਤੇ ਲਿਆ ਗਿਆ।

1 : ਹਾਂਗਕਾਂਗ ਤੋਂ ਇਹ ਜਹਾਜ਼ ਚੱਲਣਾ ਤਹਿ ਹੋਇਆ

2 : ਪਰ ਉਥੇ ਬਰਤਾਨਵੀ ਬਸਤੀਵਾਦ ਸਰਕਾਰ ਨੇ ਇਸ ਵਿਚ ਕਾਫੀ ਰੁਕਾਵਟਾਂ ਪਾਈਆਂ।

3 : ਮੁਸਾਫਰਾਂ ਨੂੰ ਝੂਠੀਆਂ ਸੱਚੀਆਂ ਧਮਕੀਆਂ ਨਾਲ ਡਰਾਇਆ ਵੀ ਗਿਆ।

4 : ਇਹ ਜਹਾਜ਼ 23 ਮਈ 1914 ਵੈਨਕੂਵਰ ਪੁੱਜਿਆ।

1 : ਕੈਨਡਾ ਸਰਕਾਰ ਨੇ ਪਹਿਲੇ ਹੀ ਇਹ ਇਰਾਦਾ ਬਣਾਇਆ ਹੋਇਆ ਸੀ ਕਿ ਮੁਸਾਫਰਾਂ ਨੂੰ ਕੈਨੇਡਾ ਨਹੀਂ ਵੜਣ ਦਿੱਤਾ ਜਾਏਗਾ।

2 : ਬਾਬਾ ਗੁਰਦਿੱਤ ਸਿੰਘ ਅਤੇ ਵੈਨਕੂਵਰ ਵਿਚ ਵਸਦੇ ਭਾਰਤੀਆਂ

ਨੇ ਕਾਫੀ ਕਾਨੂੰਨੀ ਦੌੜ-ਭੱਜ ਕੀਤੀ

3 : ਪਰ ਕੈਨੇਡਾ ਸਰਕਾਰ ਟੱਸ ਤੋਂ ਮੱਸ ਨਾ ਹੋਈ।

4 : ਭਾਰਤੀਆਂ ਨੇ ਦੁਨੀਆ ਭਰ ਵਿਚ ਵਾਵਵੇਲਾ ਕੀਤਾ ਅਤੇ ਲੰਡਨ ਦੀ ਸਰਕਾਰ 'ਤੇ ਜ਼ੋਰ ਪਾਇਆ।

1 : ਉਹ ਭਾਰਤੀਆਂ ਦੀ ਮਦਦ ਕਰੇ ਕਿਉਂਕਿ ਉਹ ਉਹਦੀ ਰੀਆਇਆ ਹਨ

2 : ਪਰ ਕੁਝ ਨਤੀਜਾ ਨਾ ਨਿਕਲਿਆ।

3 : ਜਹਾਜ਼ ਕਿਨਾਰੇ 'ਤੇ ਖਲੋਤਾ ਸੀ।

4 : ਰਸਦ ਦੀ ਕਮੀ ਸੀ।

1 : ਵੈਨਕੂਵਰ ਵਿਚ ਵੱਸੇ ਭਾਰਤੀ ਸਹਾਇਤਾ ਕਰਨਾ ਚਾਹੁੰਦੇ ਸਨ

2 : ਪਰ ਉਹ ਲਾਚਾਰ ਸਨ

3 : ਕਿਉਂਕਿ ਜਹਾਜ਼ ਦੇ ਆਲੇ ਦੁਆਲੇ ਕੈਨੇਡੀਅਨ ਪੁਲਿਸ ਦਾ ਘੇਰਾ ਸੀ।

4 : ਬਾਬਾ ਗੁਰਦਿੱਤ ਸਿੰਘ ਨੇ ਹਾਲਾਤ ਵੇਖਕੇ ਜਹਾਜ਼ ਨੂੰ ਵਾਪਸ ਹਾਂਗਕਾਂਗ ਲੈ ਆਉਣ ਦਾ ਫ਼ੈਸਲਾ ਕੀਤਾ।

1 : ਇਹਦੇ ਨਾਲ ਵੈਨਕੂਵਰ ਵਿਚ ਵੱਸੇ ਹੋਏ ਭਾਰਤੀਆਂ ਵਿਚ ਗ਼ਮ ਅਤੇ ਗੁੱਸੇ ਦੀ ਲਹਿਰ ਫੈਲ ਗਈ।

2 : ਜਹਾਜ਼ ਵਿਚ ਸਵਾਰ ਭਾਰਤੀਆਂ ਵਿਚ ਵੀ ਗੁੱਸਾ ਫੈਲਿਆ

3 : ਕਿਉਂਕਿ ਇਹ ਸਵਾਲ ਹੁਣ ਭਾਰਤੀਆਂ ਦੇ ਵਕਾਰ ਦਾ ਸਵਾਲ ਬਣ ਚੁੱਕਿਆ ਸੀ।

4 : ਉਹ ਹਾਰ ਮੰਨਣ ਦੀ ਥਾਂ ਸੰਘਰਸ਼ ਕਰਨਾ ਚਾਹੁੰਦੇ ਸਨ।

1 : ਕੈਨੇਡੀਅਨ ਪੁਲਿਸ ਨਾਲ ਉਹਨਾਂ ਦੀਆਂ ਹਿੰਸਕ ਝੜਪਾਂ ਵੀ ਹੋਈਆਂ।

2 : ਕਾਮਾਗਾਟਾਮਾਰੂ ਜਦੋਂ ਤੱਕ ਵੈਨਕੂਵਰ ਦੇ ਘਾਟ 'ਤੇ ਖਲੋਤਾ ਰਿਹਾ, ਇਕ ਹਥਿਆਰਬੰਦ ਬਗ਼ਾਵਤ ਦਾ ਖਤਰਾ ਬਣਿਆ ਰਿਹਾ।

3 : 23 ਜੁਲਾਈ 1915 ਇਹ ਵੈਨਕੂਵਰ ਤੋਂ ਵਾਪਸ ਚਲ ਪਿਆ ਅਤੇ ਇਹਦਾ ਅੰਤਲਾ ਪੜਾਅ ਕਲਕੱਤਾ ਸੀ।

4 : ਜਹਾਜ਼ 16 ਅਗਸਤ ਬੋਕੋਹਾਮਾ ਪੁੱਜਿਆ।

1 : ਪਰ ਉਥੇ ਹੁਕਮ ਮਿਲਿਆ ਕਿ ਜਹਾਜ਼ ਹਾਂਗਕਾਂਗ ਨਹੀਂ ਜਾ ਸਕਦਾ।

2 : ਜਪਾਨ ਦੀਆਂ ਕਈ ਬੰਦਰਗਾਹ ਨੂੰ ਛੂੰਹਦਾ ਹੋਇਆ ਅਤੇ ਮਕਾਮੀ ਭਾਰਤੀਆਂ ਦੀ ਮਦਦ ਨਾਲ ਇਹ ਜਹਾਜ਼ ਕਲਕੱਤਾ ਵੱਲ ਚਲ

ਪਿਆ।

3 : 2 ਸਤੰਬਰ ਕੋਬੀ ਤੋਂ ਚਲਿਆ, 16 ਸਤੰਬਰ ਸਿੰਘਾਪੁਰ ਪੁੱਜਿਆ।

4 : ਹਿੰਦੀਆਂ ਨਾਲ ਬਰਤਾਨਵੀ ਸਾਮਰਾਜ ਨੇ ਜੋ ਬਦਸਲੂਕੀ ਕੀਤੀ ਤੇ ਲਗਾਤਾਰ ਪ੍ਰਚਾਰ ਕਾਰਨ ਜਹਾਜ਼ ਦੇ ਤਕਰੀਬਨ ਸਾਰੇ ਮੁਸਾਫਰ ਗ਼ਦਰ ਲਹਿਰ ਦੇ ਹਾਮੀ ਹੋ ਗਏ ਸਨ।

1 : ਸਫਰ ਦੇ ਦਰਮਿਆਨ ਬਹੁਤ ਸਾਰੇ ਗ਼ਦਰੀ ਆਪ ਵੀ ਜਹਾਜ਼ ਦੇ ਮੁਸਾਫਰ ਬਣ ਚੁੱਕੇ ਸਨ।

2 : ਕਾਮਾਗਾਟਾ ਮਾਰੂ ਜਹਾਜ਼ ਦੇ ਵੈਨਕੂਵਰ ਤੋਂ ਚਲਣ ਦੇ ਕੋਈ 15 ਦਿਨਾਂ ਬਾਅਦ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਚੁੱਕਿਆ ਸੀ।

3 : ਭਾਰਤ ਸਰਕਾਰ ਦੀ ਅੰਗਰੇਜ਼ੀ ਸਰਕਾਰ ਨੂੰ ਆਪਣੇ ਜਾਸੂਸਾਂ ਰਾਹੀਂ ਇਹ ਪਤਾ ਲਗ ਚੁੱਕਿਆ ਸੀ

4 : ਕਿ ਅਮਰੀਕਾ, ਕੈਨਡਾ, ਹਾਂਗਕਾਂਗ, ਮਲਾਇਆ ਆਦਿਕ ਥਾਵਾਂ 'ਤੇ ਹਿੰਦੀਆਂ ਵਿਚ ਅੰਗਰੇਜ਼ ਸਾਮਰਾਜ ਦੇ ਵਿਰੁੱਧ ਵਿਦਰੋਹ ਫੈਲ ਚੁੱਕਿਆ ਹੈ।

1 : ਗ਼ਦਰ ਪਾਰਟੀ ਦੀ ਬਰਤਾਨਵੀ ਹਕੂਮਤ ਦੇ ਵਿਰੁੱਧ ਐਲਾਨੇ ਜੰਗ ਵੀ ਉਹਦੇ ਨੋਟਿਸ ਵਿਚ ਸੀ

2 : ਅਤੇ ਇਹ ਜਾਣਦੇ ਹੋਏ ਕਿ ਬਾਹਰਲੇ ਦੇਸ਼ਾਂ ਵਿਚ ਵੱਸੇ ਹੋਏ ਭਾਰਤੀ ਗ਼ਦਰ ਲਈ ਭਾਰਤ ਵੱਲ ਕੂਚ ਕਰ ਰਹੇ ਹਨ।

3 : ਅੰਗਰੇਜ਼ੀ ਸਰਕਾਰ ਨੇ ਕਾਮਾਗਾਟਾ ਮਾਰੂ ਵਿਚ ਆ ਰਹੇ ਮੁਸਾਫਰਾਂ ਨੂੰ ਕਾਬੂ ਕਰਨ ਦਾ ਪੂਰਾ ਇਰਾਦਾ ਬਣਾ ਲਿਆ।

4 : ਇਕ ਆਰਡੀਨੈਂਸ ਦੇ ਰਾਹੀਂ ਪੰਜਾਬ ਅਤੇ ਬੰਗਾਲ ਦੇ ਅਧਿਕਾਰੀਆ ਨੂੰ ਇਹ ਇਖਤਿਆਰ ਦੇ ਦਿੱਤਾ ਗਿਆ।

1 : ਉਹ ਜੇਕਰ ਸਮਝਣ ਕਿ ਪ੍ਰਦੇਸਾਂ ਵਿਚੋਂ ਆ ਰਿਹਾ ਕੋਈ ਵੀ ਵਿਅਕਤੀ ਖਤਰਨਾਕ ਹੈ

2 : ਤਾਂ ਉਹ ਉਸਨੂੰ ਗ੍ਰਿਫ਼ਤਾਰ ਕਰਕੇ ਪੁਲਿਸ ਦੇ ਹਵਾਲੇ ਕਰ ਸਕਦੇ ਹਨ।

3 : ਅਤੇ ਜੇਕਰ ਪੁੱਛ ਪੜਤਾਲ ਤੋਂ ਬਾਅਦ ਉਹਨੂੰ ਖਤਰਨਾਕ ਸਮਝਿਆ ਜਾਂਦਾ ਹੈ

4 : ਤਾਂ ਉਸਨੂੰ ਬਿਨਾਂ ਮੁਕੱਦਮਾ ਚਲਾਇਆ ਜਾਂ ਤਾਂ ਜੇਲ੍ਹ ਵਿਚ ਬੰਦ ਕੀਤਾ ਜਾ ਸਕਦਾ ਹੈ

1 : ਜਾਂ ਉਸਦੇ ਪਿੰਡ ਵਿਚ ਹੀ ਨਜ਼ਰਬੰਦ ਕੀਤਾ ਜਾ ਸਕਦਾ ਹੈ।

2 : ਅੰਗਰੇਜ਼ ਸਰਕਾਰ ਦੀਆਂ ਇਹਨਾਂ ਨੀਤੀਆਂ ਦੇ ਕਾਰਨ ਹੀ ਬੱਜਬੱਜ

ਘਾਟ ਦਾ ਖ਼ੂਨੀ ਸਾਕਾ ਹੋਇਆ।

3 : ਜੋ ਕਿ ਭਾਰਤ ਦੀ ਜੰਗੇ ਆਜ਼ਾਦੀ ਦਾ ਇਕ ਗੌਰਵਮਈ ਕਾਂਡ ਏ

4 : ਜਿਸ ਵਿਚ ਭਾਰਤੀਆਂ ਨੇ ਜਾਨ 'ਤੇ ਖੇਡ ਕੇ ਗੋਰੇ ਦਾ ਅਭਿਮਾਨ ਤੋੜਿਆ।

1 : ਕਾਮਾਗਾਟਾਮਾਰੂ ਜਹਾਜ਼ ਵਿਚ ਆ ਰਹੇ ਮੁਸਾਫਰਾਂ ਬਾਰੇ ਹਿੰਦ ਦੀ ਅੰਗਰੇਜ਼ ਸਰਕਾਰ ਨੂੰ ਇਤਲਾਹ ਸੀ।

2 : ਕਿ ਉਹਦੇ ਵਿਚ ਬਹੁਤ ਸਾਰੇ ਗ਼ਦਰੀ ਸ਼ਾਮਲ ਹਨ

3 : ਤੇ ਸਰਕਾਰ ਨਹੀਂ ਚਾਹੁੰਦੀ ਸੀ ਕਿ ਉਹ ਕਲਕੱਤਾ ਦੀ ਬੰਦਰਗਾਹ 'ਤੇ ਉਤਰਕੇ ਭੀੜ ਵਿਚ ਗੁੰਮ ਹੋ ਜਾਣ।

4 : ਉਹਨਾਂ ਨੇ ਜਹਾਜ਼ ਨੂੰ ਕਲਕੱਤਾ ਪਹੁੰਚਣ ਤੋਂ ਪਹਿਲਾਂ ਬੱਜਬੱਜ ਘਾਟ 'ਤੇ ਹੀ ਰੋਕਿਆ

1 : ਤੇ ਉਥੋਂ ਹੀ ਮੁਸਾਫਰਾਂ ਨੂੰ ਗੱਡੀ ਚੜ੍ਹਾਕੇ ਸਿੱਧਾ ਪੰਜਾਬ ਲਿਆਉਣਾ ਚਾਹਿਆ।

2 : ਲੁਧਿਆਣਾ ਇਕ ਪੁੱਛਗਿੱਛ ਕੇਂਦਰ ਪਹਿਲੇ ਹੀ ਸਥਾਪਤ ਕੀਤਾ ਹੋਇਆ ਸੀ।

3 : ਮੁਸਾਫਰਾਂ ਨੇ ਕਲਕੱਤਾ ਜਾਣ ਦੀ ਜ਼ਿਦ ਕੀਤੀ।

4 : ਗੱਡੀ ਦੀ ਚੜ੍ਹਣ ਦੀ ਥਾ ਉਹ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੁੱਕਕੇ ਪੈਦਲ ਜਲੂਸ ਦੀ ਸ਼ਕਲ ਵਿਚ ਕਲਕੱਤਾ ਵੱਲ ਚੱਲ ਪਏ।

1 : ਗੋਰਾ ਪੁਲਿਸ ਜਿਥੇ ਰੋਕੇ ਉਥੇ ਪਿਛਾਂਹ ਮੁੜਣ ਦੀ ਥਾਂ ਉਹ ਸੜਕ 'ਤੇ ਦੀਵਾਨ ਲਗਾਕੇ ਬੈਠ ਜਾਂਦੇ।

2 : ਦੋ ਦਿਨ ਇਹ ਤਕਰਾਰ ਚਲਦਾ ਰਿਹਾ।

3 : ਗੋਰਾ ਗੋਲੀਆਂ ਤਾਨਕੇ ਰਸਤਾ ਰੋਕਦਾ

4 : ਮੁਸਾਫਰ ਛਾਤੀ ਨੰਗੀ ਕਰਕੇ ਕਹਿੰਦੇ ਮਾਰ ਲੈ ਪਰ ਵਾਪਸ ਨਹੀਂ ਮੁੜਣਾ।

1 : ਗੋਲੀਆਂ ਚਲੀਆਂ, ਹਿੰਸਕ ਝੜਪਾਂ ਹੋਈਆਂ

2 : ਸੂਰਮਿਆਂ ਨੇ ਸ਼ਹਾਦਤਾਂ ਪਾਈਆਂ

3 : ਆਖਰੀ ਰੀਪੋਰਟ ਇਸ ਤਰ੍ਹਾਂ ਸੀ ਕਿ 24 ਅਕਤੂਬਰ 1914 ਜਹਾਜ਼ ਦੇ 321 ਵਿਚੋਂ 203 ਮੁਸਾਫਰ ਅਲੀਪੁਰ ਜੇਲ੍ਹ ਵਿਚ ਬੰਦ ਸਨ

4 : 9-ਮੈਡੀਕਲ ਕਾਲਜ ਦੇ ਹਸਪਤਾਲ ਵਿਚ ਸਨ

1 : 19 ਮਾਰਕੇ ਸ਼ਹੀਦ ਕਰ ਦਿੱਤੇ ਗਏ ਸਨ

2 : 59 ਗੱਡੀ ਵਿਚ ਜ਼ਬਰਦਸਤੀ ਚੜ੍ਹਾ ਦਿੱਤੇ ਗਏ

3 : ਬਾਕੀ 32 ਭਗੌੜੇ ਕਰਾਰ ਦਿੱਤੇ ਗਏ।

4 : ਕੁਝ ਮਹੀਨਿਆਂ ਬਾਅਦ 31 ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ।

1 : ਜਦੋਂ ਕਿ ਬਾਕੀਆਂ ਨੂੰ ਘਰ ਜਾਣ ਦੇ ਇਜਾਜ਼ਤ ਦੇ ਦਿੱਤੀ ਗਈ।

2 : ਜੇਲ੍ਹਾਂ ਵਿਚ ਉਹਨਾਂ ਉਤੇ ਹੋਰ ਤਸ਼ੱਦਦ ਕੀਤਾ ਗਿਆ।

3 : ਭਾਈ ਅਮਰ ਸਿੰਘ ਨੌਧ ਸਿੰਘ ਵਾਲਾ ਇਸ ਤਸ਼ੱਦਦ ਕਰਕੇ ਹੀ ਮੀਆਂ ਵਾਲੀ ਜੇਲ੍ਹ ਵਿਚ ਸ਼ਹਾਦਤ ਪਾ ਗਿਆ।

4 : ਜਸੂਸਾਂ ਅਤੇ ਟਾਊਟਾਂ ਦੇ ਵਿਰੁੱਧ ਕਾਰਵਾਈ ਗ਼ਦਰ ਲਹਿਰ ਦੇ ਪ੍ਰੋਗਰਾਮ ਵਿਚ ਇਕ ਵਿਸ਼ੇਸ਼ ਥਾਂ ਰਖਦੀ ਸੀ।

1 : ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰ ਨਾਲ ਹੋਏ ਦੁਰਵਿਹਾਰ ਕਰਕੇ ਪ੍ਰਦੇਸਾਂ ਵਿਚ ਵਸੇ ਹੋਏ ਭਾਰਤੀਆਂ ਵਿਚ ਅੰਗਰੇਜ਼ ਸਰਕਾਰ ਦੇ ਵਿਰੁੱਧ ਇਕ ਨਫਰਤ ਦੀ ਲਹਿਰ ਦੌੜ ਗਈ ਸੀ।

2 : ਅੰਗਰੇਜ਼ ਸਾਮਰਾਜ ਵਿਰੁੱਧ ਰੋਹ ਨੂੰ ਟਾਲਿਆ ਨਹੀਂ ਜਾ ਸਕਦਾ ਸੀ।

3 : ਇਸ ਲਈ ਉਹਦੇ ਵੱਲੋਂ ਲਹਿਰ ਦੇ ਲੀਡਰਾਂ ਨੂੰ ਕਤਲ ਕਰਨ ਦੀਆਂ ਸਾਜ਼ਸ਼ਾਂ ਘੜਣੀਆਂ ਸ਼ੁਰੂ ਹੋ ਗਈਆਂ।

4 : ਰਾਪ ਕਿਨਸਨ ਨੇ ਬੇਲਾ ਸਿੰਘ ਜੈਨ ਨਾਲ ਰਲਕੇ ਭਾਈ ਭਾਗ ਸਿੰਘ ਅਤੇ ਉਹਦੇ ਸਾਥੀਆਂ ਨੂੰ ਕਤਲ ਕਰਨ ਦੀ ਸਾਜ਼ਿਸ਼ ਬਣਾਈ।

1 : 5 ਸਤੰਬਰ 1917, ਜਦੋਂ ਭਾਈ ਭਾਗ ਸਿੰਘ ਵੈਨਕੂਵਰ ਦੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਸਨ ਤਾਂ ਬੇਲਾ ਸਿੰਘ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ, ਜਿਸ ਕਰਕੇ ਉਹ ਮੌਕੇ 'ਤੇ ਹੀ ਸ਼ਹੀਦ ਹੋ ਗਏ।

2 : ਭਾਈ ਭਾਗ ਸਿੰਘ ਬਚਾਉਂਦੇ ਹੋਏ ਭਾਈ ਵਤਨ ਸਿੰਘ ਵੀ ਸ਼ਹਾਦਤ ਪਾ ਗਏ।

3 : ਬੇਲਾ ਸਿੰਘ ਵਿਰੁੱਧ ਵੈਨਕੂਵਰ ਦੀ ਅਦਾਲਤ ਵਿਚ ਮੁਕੱਦਮਾ ਚਲਿਆ।

4 : ਉਹਦੀ ਡੀਫੈਂਸ ਲਈ ਹਾਪ ਕਿਨਸਨ ਨੇ ਕਚੈਹਰੀ ਵਿਚ ਭੁਗਤਨਾ ਸੀ।

1 : ਹਾਪ ਕਿਨਸਨ ਹਾਲੇ ਦਰਵਾਜ਼ੇ 'ਤੇ ਹੀ ਸੀ ਕਿ ਭਾਈ ਸੇਵਾ ਸਿੰਘ ਲੋਪੋਕੇ ਨੇ ਉਸਨੂੰ ਗੋਲੀਆਂ ਮਾਰਕੇ ਜਹੱਨਮ ਪੁਚਾ ਦਿੱਤਾ।

2 : ਸੇਵਾ ਸਿੰਘ ਉਤੇ ਮੁਕੱਦਮਾ ਚਲਿਆ ਅਤੇ ਉਸਨੂੰ ਫਾਂਸੀ ਦੀ ਸਜ਼ਾ ਹੋਈ।

3 : ਭਾਈ ਸੇਵਾ ਸਿੰਘ ਪਹਿਲਾ ਗ਼ਦਰੀ ਸ਼ਹੀਦ ਸੀ, ਜਿਸ ਨੂੰ ਕੈਨੇਡਾ ਵਿਚ ਫਾਂਸੀ ਲਗਾਈ ਗਈ ਸੀ।

4 : ਪੁਲਸ ਟਾਊਟ ਬੇਲਾ ਸਿੰਘ ਦੀ ਜਾਨ ਬਚਾਉਣ ਲਈ ਉਹਨੂੰ ਭਾਰਤ ਭੇਜ ਦਿੱਤਾ ਗਿਆ।

1 : ਜਿਥੇ ਅੰਗਰੇਜ਼ ਸਰਕਾਰ ਦੇ ਪਹਿਰੇ ਥੱਲੇ ਉਹ ਜ਼ਿੰਦਗੀ ਬਿਤਾਉਣ ਲੱਗਾ।

2 : ਬਾਬਾ ਹਰੀ ਸਿੰਘ ਸੁੰਢ, ਜੋ ਉਸ ਵੇਲੇ ਗਰਦੁਆਰੇ ਵਿਚ ਹਾਜ਼ਰ ਸੀ ਜਦੋਂ ਬੇਲਾ ਸਿੰਘ ਨੇ ਭਾਈ ਭਾਗ ਸਿੰਘ ਭਿਖੀਵਿੰਡ ਦਾ ਕਤਲ ਕੀਤਾ ਸੀ।

3 : 1936 ਵਿਚ ਉਸਨੇ ਤੇ ਉਸਦੇ ਦੋ ਹੋਰ ਸਾਥੀਆਂ ਨੇ ਬੱਸ ਵਿਚ ਉਤਰਦੇ ਭਾਈ ਬੇਲਾ ਸਿੰਘ ਨੂੰ ਘੇਰ ਲਿਆ ਤੇ ਕ੍ਰਿਪਾਨ ਨਾਲ ਉਹਦਾ ਸਿਰ ਧੜ ਤੋਂ ਵੱਖ ਕਰ ਦਿੱਤਾ।

4 : ਇਸ ਤਰ੍ਹਾਂ 22 ਸਾਲ ਬਾਅਦ ਬਾਬਾ ਹਰੀ ਸਿੰਘ ਨੇ ਇਕ ਟਾਊਟ ਕੋਲੋਂ ਬਦਲਾ ਲੈਕੇ ਅਪਣਾ ਪ੍ਰਣ ਪੂਰਾ ਕੀਤਾ।

1 : 1914 ਵਿਚ ਸ਼ੁਰੂ ਹੋਈ ਪਹਿਲੀ ਸੰਸਾਰ ਜੰਗ ਗ਼ਦਰ ਲਹਿਰ ਦੇ ਪ੍ਰੋਗਰਾਮ 'ਤੇ ਪੂਰੀ ਤਰ੍ਹਾਂ ਅਸਰ ਅੰਦਾਜ਼ ਹੋਈ।

2 : ਸੰਸਾਰ ਜੰਗ ਛਿੜ ਜਾਣ ਬਾਰੇ ਤਾਂ ਗ਼ਦਰ ਪਾਰਟੀ ਨੂੰ ਪੂਰਾ ਯਕੀਨ ਸੀ।

3 : ਪਰ ਉਹਨਾਂ ਦਾ ਅੰਦਾਜ਼ਾ ਸੀ ਕਿ ਇਹ ਜੰਗ ਹਾਲੇ ਕੁਝ ਸਾਲਾਂ ਤੱਕ ਹੀ ਛਿੜੇਗੀ।

4 : ਤੇ ਇਸ ਦੇ ਮੁਤਾਬਕ ਹੀ ਪਾਰਟੀ ਨੇ ਆਪਣੀ ਪਲੈਨ ਬਣਾਈ ਸੀ।

1 : ਪਾਰਟੀ ਦਾ ਪ੍ਰੋਗਰਾਮ ਸੀ ਕਿ ਜਦੋਂ ਪਹਿਲੀ ਸੰਸਾਰ ਜੰਗ ਛਿੜੇਗੀ ਤਾਂ ਪਾਰਟੀ ਅੰਗਰੇਜ਼ਾਂ ਦੇ ਵਿਰੁੱਧ ਜੰਗ ਛੇੜੇਗੀ।

2 : ਇਸ ਸਿਲਸਿਲੇ ਵਿਚ ਲਾਲਾ ਹਰਦਿਆਲ ਨੇ 1913 ਵਿਚ ਹੀ 50 ਵਿਦਿਆਰਥੀਆਂ ਦਾ ਇਕ ਜਥਾ ਹਿੰਦੋਸਤਾਨ ਦੇ ਹਰ ਸੂਬੇ ਵਿਚ ਭੇਜਿਆ ਸੀ।

3 : ਇਸ ਜਥੇ ਨੇ ਹਿੰਦੋਸਤਾਨ ਦੇ ਬਾਰੇ ਰੀਪੋਰਟ ਪਾਰਟੀ ਨੂੰ ਭੇਜਣੀ ਸੀ।

4 : ਮਹਾਂਰਾਸ਼ਟਰ ਦਾ ਇਕ ਵਿਦਿਆਰਥੀ ਆਪਣੀ ਰੀਪੋਰਟ ਵਿਚ ਲਿਖਦਾ ਹੈ...

1 : It is very cold here while it is very hot in America.

4 : ਭੇਜੇ ਗਏ ਵਿਦਿਆਰਥੀਆਂ ਵਿਚ ਇਕ ਵਿਦਿਆਰਥੀ ਬੰਤਾ ਸਿੰਘ ਸੰਘਵਾਲ ਨੇ ਹੌਂਸਲਾ ਨਹੀਂ ਸੀ ਹਾਰਿਆ।

1 : ਉਹਨੇ ਆਪਣੇ ਪਿੰਡ ਵਿਚ ਗ਼ਦਰ ਅਖਬਾਰ ਵੀ ਖੁਫੀਆ ਤੌਰ 'ਤੇ

ਮੰਗਵਾਉਣ ਦਾ ਪ੍ਰਣ ਕੀਤਾ

2 : ਅਤੇ ਅਮਰੀਕਾ ਵਿਚੋਂ ਆਉਣ ਵਾਲੇ ਗ਼ਦਰੀਆਂ ਲਈ ਟਿਕਾਣਾ ਵੀ ਬਣਾਇਆ।

3 : ਹਰਨਾਮ ਸਿੰਘ ਟੁੰਡੀ ਲਾਟ ਅਤੇ ਗੁਲਾਬ ਕੌਰ ਵੀ ਬਹੁਤਾ ਚਿਰ ਇਸ ਅੱਡੇ 'ਤੇ ਰਹੇ।

4 : 4 ਅਗਸਤ 1914 ਅੰਗਰੇਜ਼ ਤੇ ਜਰਮਨੀ ਦਰਮਿਆਨ ਜੰਗ ਸ਼ੁਰੂ ਹੋਈ।

1 : 8 ਅਗਸਤ 1914 ਗ਼ਦਰ ਪਾਰਟੀ ਨੇ ਮੀਟਿੰਗ ਕਰਕੇ ਅੰਗਰੇਜ਼ ਹਕੂਮਤ ਦੇ ਵਿਰੁੱਧ ਜੰਗ ਦਾ ਏਲਾਨ ਕਰ ਦਿੱਤਾ।

2 : ਗ਼ਦਰ ਪਾਰਟੀ ਦੇ ਪ੍ਰੋਗਰਾਮ ਅਧੀਨ ਸਤੰਬਰ 1914 ਵਿਚ ਕਰਤਾਰ ਸਿੰਘ ਸਰ੍ਹਾਭਾ ਇਕ ਜਥੇ ਦਾ ਆਗੂ ਬਣਕੇ ਅਮਰੀਕਾ ਤੋਂ ਭਾਰਤ ਆਇਆ।

3 : ਇਸ ਗੁਪਤ ਜਥੇ ਵਿਚ ਗਣੇਸ਼ ਪਿੰਗਲੇ ਤੇ ਭਗਤ ਸਿੰਘ ਉਰਫ ਸਾਂਧਾ ਸਿੰਘ ਕਚਰ ਭਾਨ ਵੀ ਸ਼ਾਮਲ ਸਨ।

4 : ਭਾਰਤ ਵਿਚ ਸਿਆਸੀ ਹਾਲਾਤ ਉਸ ਵੇਲੇ ਕੁਝ ਇਸ ਤਰ੍ਹਾਂ ਦੀ ਸੀ ਕਿ ਇਕ ਪਾਸੇ

1 : ਇਹ ਗ਼ਦਰੀ ਦੇਸ਼ ਭਗਤ ਸਨ ਜੋ ਸੀਸ ਤਲੀ 'ਤੇ ਰੱਖਕੇ ਅੰਗਰੇਜ਼ਾਂ ਦੇ ਵਿਰੁੱਧ ਮੈਦਾਨੇ ਜੰਗ ਵਿਚ ਉਤਰੇ ਸਨ

3 : ਦੂਜੇ ਪਾਸੇ ਮਹਾਤਮਾ ਗਾਂਧੀ, ਜਿਨਾਹ ਡੁਮੀਨੀਅਨ ਸਟੇਟਸ ਦੀ ਮੰਗ ਦੇ ਵਾਅਦੇ ਉਤੇ ਹੀ ਜੰਗ ਵਿਚ ਅੰਗਰੇਜ਼ ਦੀ ਪਿੱਠ 'ਤੇ ਖਲੋਤੇ ਸਨ।

4 : ਇਸਦੇ ਇਲਾਵਾ ਖਾਨ ਬਹਾਦਰਾਂ, ਰਾਏ ਸਾਹਬਾਂ ਤੇ ਸਰਦਾਰ ਬਹਾਦਰਾਂ ਦੀ ਵਫਾਦਾਰੀ ਦਾ ਸਰਟੀਫਿਕੇਟ ਲੈਣ ਲਈ ਫ਼ੌਜ ਦੀ ਭਾਰਤੀ ਦਾ ਕੰਮ ਸਿਰੇ ਚਾੜ੍ਹ ਰਿਹਾ ਸੀ।

1 : ਸਰਦਾਰ ਬਹਾਦੁਰ ਅਰੂੜ ਸਿੰਘ ਤੇ ਗੱਜਣ ਸਿੰਘ ਜਿਹੇ ਸਰਕਾਰ ਪ੍ਰਸਤ ਸਿੱਖਾਂ ਦੇ ਲੀਡਰ ਬਣੇ ਹੋਏ ਸਨ।

2 : ਉਹਨਾਂ ਨੇ ਗ਼ਦਰੀਆਂ ਦੇ ਵਿਰੁੱਧ ਅਕਾਲ ਤਖ਼ਤ ਤੋਂ ਹੁਕਮਨਾਮਾ ਵੀ ਜਾਰੀ ਕਰਵਾ ਦਿੱਤਾ

3 : ਕਿ ਗ਼ਦਰੀ ਸਿੱਖ ਹੀ ਨਹੀਂ ਤੇ ਕੋਈ ਉਹਨਾਂ ਨੂੰ ਮੂੰਹ ਨਾ ਲਗਾਏ।

4 : ਸਰਕਾਰ ਨੇ ਪਿੰਡਾਂ ਵਿਚ ਮੁਖਬਰਾਂ ਦਾ ਜਾਲ ਵਿਛਾ ਦਿੱਤਾ, ਜੋ ਗ਼ਦਰੀਆਂ ਬਾਰੇ ਸੂਹ ਰਖਦੇ ਸਨ।

1 : ਮੁਖਬਰੀਆਂ ਦੇ ਕਾਰਨ ਅਤੇ ਸਰਕਾਰ ਦੀ ਤਸ਼ੱਦਦ ਮਸ਼ੀਨਰੀ ਦੇ ਹਰਕਤ ਵਿਚ ਆ ਜਾਣ ਕਰਕੇ ਹਿੰਦੋਸਤਾਨ ਪਰਤੇ ਗ਼ਦਰੀ ਕਾਫੀ ਗਿਣਤੀ ਵਿਚ ਗ੍ਰਿਫ਼ਤਾਰ ਹੋਏ।

2 : ਬਾਬਾ ਸੋਹਣ ਸਿੰਘ ਭਕਨਾ ਕਲਕੱਤੇ ਵਿਚ ਜਹਾਜ਼ ਤੋਂ ਉਤਰਦੇ ਹੀ ਪਕੜੇ ਗਏ।

3 : ਕਰਤਾਰ ਸਿੰਘ ਸਰ੍ਹਾਭਾ ਨੇ ਗ੍ਰਿਫ਼ਤਾਰੀ ਤੋਂ ਬਚੇ ਹੋਏ ਸਾਰੀ ਗ਼ਦਰੀਆਂ ਨੂੰ ਜਥੇਬੰਦ ਕੀਤਾ ਅਤੇ ਇਕ ਸੈਂਟਰਲ ਕਮਾਂਡ ਬਣਾਈ ਤਾਂ ਜੋ ਵਿਉਂਤਬੰਦ ਤਰੀਕੇ ਨਾਲ ਕੰਮ ਕੀਤਾ ਜਾ ਸਕੇ।

4 : ਪ੍ਰਚਾਰ ਦਾ ਕੰਮ ਹੱਥ ਵਿਚ ਲਿਆ ਗਿਆ।

1 : ਨਵੇਂ ਲੋਕ ਗ਼ਦਰ ਲਹਿਰ ਵਿਚ ਸ਼ਾਮਲ ਹੋਏ।

2 : ਬੰਗਾਲ ਦੇ ਇਨਕਲਾਬੀਆਂ ਨਾਲ ਸੰਘਰਸ਼ ਕਾਇਮ ਕੀਤਾ ਗਿਆ।

3 : ਦੂਜੇ ਪਾਸੇ ਅੰਗਰੇਜ਼ ਦਾ ਸੀ.ਆਈ.ਡੀ. ਦਾ ਮਹਿਕਮਾ ਵੀ ਕਾਫੀ ਸਰਗਰਮ ਸੀ।

4 : ਸੰਘਵਾਲ ਪਿੰਡ ਵਿਚ ਜਦੋਂ ਇਕ ਮੀਟਿੰਗ ਹੋ ਰਹੀ ਸੀ ਤਾਂ ਇਹਦੀ ਖ਼ਬਰ ਪੁਲਿਸ ਨੂੰ ਹੋ ਗਈ

1 : ਪਰ ਪੁਲਿਸ ਵਿਚ ਗ਼ਦਰੀਆਂ ਦੇ ਹਮਦਰਦ ਵੀ ਸਨ, ਉਹਨਾਂ ਗ਼ਦਰੀਆਂ ਨੂੰ ਇਤਲਾਹ ਦੇ ਦਿੱਤੀ।

2 : ਗੁਲਾਬ ਕੌਰ ਭੇਸ ਬਦਲਕੇ ਸਭ ਹਥਿਆਰ ਅਤੇ ਲਿਟਰੇਚਰ ਲੈਕੇ ਸਹੀ ਸਲਾਮਤ ਨਿਕਲ ਆਈ।

3 : ਮੁੱਖ ਕੰਮ ਫ਼ੌਜ ਵਿਚ ਹੋਇਆ।

4 : ਬਗ਼ਾਵਤ ਦੀ ਮੁੱਖ ਟੇਕ ਵੀ ਫ਼ੌਜ ਵਿਚ ਸੀ।

1 : ਇਸ ਵਿਚ ਸਫ਼ਲਤਾ ਵੀ ਬਹੁਤ ਮਿਲੀ।

2 : ਸਾਰੇ ਭਾਰਤ ਦੀਆਂ ਬਹੁਤ ਸਾਰੀਆਂ ਛਾਉਣੀਆਂ ਵਿਚ ਲਗੀਆਂ ਯੂਨਿਟਾਂ ਵਿਚ ਗ਼ਦਰੀ ਸੈਲ ਬਣੇ।

3 : ਫ਼ੌਜ ਵਿਚ ਕੰਮ ਕਰਨ ਦਾ ਤਰੀਕਾ ਸੀ ਕਿ ਗ਼ਦਰ ਗੂੰਜਾਂ ਦੀਆਂ ਕਵਿਤਾਵਾਂ ਅਤੇ ਗ਼ਦਰ ਅਖਬਾਰ ਵਿਚ ਛਪੇ ਅੰਕੜੇ ਫ਼ੌਜੀਆਂ ਵਿਚ ਪ੍ਰਚਾਰੇ ਜਾਂਦੇ।

4 : ਉਹਨਾਂ ਨੂੰ ਅਹਿਸਾਸ ਕਰਵਾਇਆ ਜਾਂਦਾ ਕਿ ਉਹ ਦੂਜੇ ਦੇਸ਼ਾਂ ਨੂੰ ਗੁਲਾਮ ਬਨਾਉਣ ਲਈ ਅੰਗਰੇਜ਼ਾਂ ਲਈ ਲੜਦੇ ਹਨ।

1 : ਜਦੋਂ ਕਿ ਲੋੜ ਉਹਨਾਂ ਨੂੰ ਆਪਣੀ ਆਜ਼ਾਦੀ ਦੀ ਲੜਾਈ ਲੜਣ ਦੀ ਹੈ।

2 : ਫ਼ੌਜੀਆਂ ਨੂੰ ਉਹਨਾਂ ਦੀ ਤਾਕਤ ਦਾ ਅਹਿਸਾਸ ਕਰਵਾਇਆ ਜਾਂਦਾ ਅਤੇ ਬਗ਼ਾਵਤ ਲਈ ਜੋਸ਼ ਭਰਿਆ ਜਾਂਦਾ।

3 : ਬੰਗਾਲ ਦੇ ਇਨਕਲਾਬੀਆਂ ਨਾਲ ਸਬੰਧ ਕਾਇਮ ਕਰਕੇ ਰਾਸ ਬਿਹਾਰੀ ਬੋਸ ਨੂੰ ਬਨਾਰਸ ਤੋਂ ਲਿਆਂਦਾ ਗਿਆ ਤਾਂ ਜੋ ਉਹ ਕੰਮ

ਦੀ ਅਗਵਾਈ ਕਰੇ।

4 : ਅੰਮ੍ਰਿਤਸਰ ਦੀ ਗੁਲਾਬ ਸਿੰਘ ਧਰਮਸ਼ਾਲਾ ਪਾਰਟੀ ਦੇ ਮੁੱਖ ਦਫਤਰ ਲਈ ਚੁਣੀ ਗਈ।

1 : 25 ਜਨਵਰੀ 1915 ਰਾਸ ਬਿਹਾਰੀ ਬੋਸ ਅੰਮ੍ਰਿਤਸਰ ਆਏ।

2 : ਉਹ ਅੰਮ੍ਰਿਤਸਰ ਤਕਰੀਬਨ ਇਕ ਹਫਤਾ ਰਹੇ।

3 : ਉਹਨਾਂ ਮਹਿਸੂਸ ਕੀਤਾ ਕਿ ਅੰਮ੍ਰਿਤਸਰ ਦਾ ਦਫਤਰ ਠੀਕ ਕੰਮ ਨਹੀਂ ਕਰ ਰਿਹਾ।

4 : ਆਵਾਜਾਈ ਇਥੇ ਬਹੁਤ ਏ ਜੋ ਕਦੇ ਵੀ ਇਨਕਲਾਬੀ ਕੰਮ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਏ।

1 : 6 ਫਰਵਰੀ ਉਹ ਲਾਹੌਰ ਚਲਿਆ ਗਿਆ।

2 : ਉਸਨੇ ਗ਼ਦਰ ਪਾਰਟੀ ਦਾ ਕੰਮ ਜਥੇਬੰਦ ਕੀਤਾ

3 : ਅਤੇ ਇਸ ਨੂੰ ਕੇਂਦਰ ਕੰਟਰੋਲ ਦੇ ਅਧੀਨ ਲਿਆਂਦਾ।

4 : ਲਾਹੌਰ ਵਿਚ ਉਹਨਾਂ ਦਿਨਾਂ ਵਿਚ ਅਣਵਿਆਹੇ ਮਰਦਾਂ ਨੂੰ ਕਮਰਾ ਕਿਰਾਏ 'ਤੇ ਨਹੀਂ ਮਿਲਦਾ ਸੀ।

1 : ਰਾਸ ਬਿਹਾਰੀ ਦੀ ਇਹ ਸਮੱਸਿਆ, ਰਾਮ ਸ਼ਰਨ ਦਾਸ ਦੀ ਪਤਨੀ ਸਤਿਆਵਤੀ ਨੇ ਹੱਲ ਕੀਤੀ।

2 : ਗਵਾਲਮੰਡੀ ਲਾਹੌਰ ਇਕ ਇਕ ਕਮਰਾ ਕਿਰਾਏ 'ਤੇ ਲਿਆ ਗਿਆ।

3 : ਦੂਜਾ ਘਰ ਮੂਲ ਰਾਜ ਦੀ ਸਰਾਂ ਵਿਚ ਗੁਲਾਬ ਕੌਰ ਨੇ ਕਿਰਾਏ 'ਤੇ ਲਿਆ।

4 : ਉਥੇ ਲਿਟਰੇਚਰ ਛਾਪਣ ਲਈ ਪ੍ਰੈਸ ਚਲਾਇਆ ਗਿਆ।

1 : ਗੁਲਾਬ ਕੌਰ ਚਰਖ਼ਾ ਕੱਤਦੀ ਬੂਹੇ 'ਤੇ ਪਹਿਰਾ ਦੇਂਦੀ।

2 : ਅੰਦਰ ਪਾਰਟੀ ਦਾ ਲਿਟਰੇਚਰ ਵੀ ਛੱਪਦਾ ਤੇ ਝੰਡੇ ਵੀ ਬਣਦੇ।

3 : ਸਿਰਫ ਖੁਫੀਆ ਕੋਡ ਵਰਡ ਬੋਲਣ 'ਤੇ ਹੀ ਕਿਸੇ ਨੂੰ ਅੰਦਰ ਲੰਘਣ ਦਿੱਤਾ ਜਾਂਦਾ।

4 : ਗ਼ਦਰੀਆਂ ਅਤੇ ਫ਼ੌਜੀਆਂ ਦੀ ਮੀਟਿੰਗ ਲਈ ਖੁਫੀਆ ਥਾਂ ਮੀਆਂ ਮੀਰ ਛਾਉਣੀ ਵਿਚ ਬਾਬਾ ਮਦਨ ਸਿੰਘ ਗਾਰੇ ਦੀ ਤਰਖਾਣਾ ਦੁਕਾਨ ਸੀ।

1 : ਬਾਬਾ ਮਦਨ ਸਿੰਘ ਦੁਕਾਨ ਦੇ ਬਾਹਰ ਬੈਠਾ ਲਕੜੀ ਦੀਆਂ ਮਧਾਣੀਆਂ ਬਣਾਉਂਦਾ ਰਹਿੰਦਾ ਅਤੇ ਪ੍ਰੇਮ ਸਿੰਘ ਸੁਰ ਸਿੰਘ ਫ਼ੌਜੀਆਂ ਨਾਲ ਮੀਟਿੰਗ ਕਰਦਾ।

2 : ਆਮ ਮੀਟਿੰਗਾਂ ਲਈ ਇਕ ਮਕਾਨ ਮੋਚੀ ਗੇਟ 'ਤੇ ਲਿਆ ਗਿਆ।

3 : ਗ਼ਦਰ ਦੀ ਯੋਜਨਾ ਕੁਝ ਇਸ ਤਰ੍ਹਾਂ ਸੀ ਕਿ

4 : ਅਚਾਨਕ ਹੀ ਇਕ ਦਿਨ ਇਨ੍ਹਾਂ ਆਪਣੇ ਇਰਾਦਿਆਂ ਦੇ ਪ੍ਰਚਾਰ।

1 : ਇਕੋ ਸਮੇਂ ਇਕੋ ਦਿਨ ਉਤਰੀ ਭਾਰਤ ਦੀਆਂ ਛਾਉਣੀਆਂ ਵਿਚ ਗੋਰੇ ਸਿਪਾਹੀਆਂ ਉਤੇ ਹਮਲਾ ਕੀਤਾ ਜਾਏ।
2 : ਹਮਲਾ ਰਾਤ ਦੇ ਸਮੇਂ ਕੀਤਾ ਜਾਏ।
3 : ਉਸ ਸਮੇਂ ਸ਼ਹਿਰਾਂ ਨਾਲ ਸਾਰੇ ਤਾਰ ਸਬੰਧ ਕੱਟ ਦਿੱਤੇ ਜਾਣ।
4 : ਅੰਗਰੇਜ਼ ਅਧਿਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਜਾਏ।
1 : ਖਜ਼ਾਨਿਆਂ 'ਤੇ ਕਬਜ਼ਾ ਕੀਤਾ ਜਾਏ
2 : ਅਤੇ ਜੇਲ੍ਹ ਵਿਚ ਸਾਰੇ ਸਿਆਸੀ ਕੈਦੀ ਰਿਹਾਅ ਕਰਵਾ ਲਏ ਜਾਣ।
3 : ਇਸ ਯੋਜਨਾ ਦੀ ਤਰੀਖ ਨਿਸ਼ਚਿਤ ਕਰਨ ਸਮੇਂ ਪਹਿਲੇ ਵਿਸ਼ਾਲ ਪੱਧਰ 'ਤੇ ਤਿਆਰੀ ਕੀਤੀ ਗਈ।
4 : ਵੱਖ-ਵੱਖ ਛਾਉਣੀਆਂ ਵਿਚ ਫ਼ੌਜੀਆਂ ਨੂੰ ਤਿਆਰ ਰਹਿਣ ਲਈ ਹਦੈਤਾਂ ਭੇਜ ਦਿੱਤੀਆਂ ਗਈਆਂ।
1 : 12 ਫਰਵਰੀ 1915 ਗਦਰੀ ਵਰਕਰਾਂ ਦੀ ਇਕ ਖੁਫੀਆ ਮੀਟਿੰਗ ਲਾਹੌਰ ਵਿਚ ਕੀਤੀ ਗਈ।
2 : ਕੰਮ ਦਾ ਜਾਇਜ਼ਾ ਲਿਆ ਗਿਆ ਅਤੇ ਗ਼ਦਰ ਦੀ ਤਰੀਖ 21 ਫਰਵਰੀ 1914 ਨਿਸ਼ਚਿਤ ਕੀਤੀ ਗਈ।
3 : ਤਹਿ ਕੀਤੇ ਇਕ ਵਿਵਸਥਾ ਅਨੁਸਾਰ ਇਨਕਲਾਬੀਆਂ ਦੀ ਇਕ ਟੋਲੀ ਨੇ ਮੀਆਂ ਮੀਰ ਯਨੀ ਲਾਹੌਰ ਛਾਉਣੀ ਦੇ ਅਸਲਾਖਾਨੇ 'ਤੇ ਹਮਲਾ ਕਰਨਾ ਸੀ।
4 : ਜਦ ਉਹਨਾਂ ਨੇ ਲੇਖਕਾਂ ਤੱਕ ਪੁੱਜਣਾ ਸੀ ਤਾਂ 23ਵੀਂ ਰਸਾਲੇ ਦੇ ਸਵਾਰਾਂ ਨੇ ਉਹਨਾਂ ਨਾਲ ਮਿਲ ਜਾਣਾ ਸੀ।
1 : ਤੇ ਫੇਰ ਉਹਨਾਂ ਨੇ ਲਾਹੌਰ ਵੱਲ ਕੂਚ ਕਰਨਾ ਸੀ।
2 : ਉਸੇ ਸਮੇਂ ਇਹੋ ਕਾਰਵਾਈ ਫਿਰੋਜ਼ਪੁਰ ਛਾਉਣੀ ਵਿਚ ਹੋਣੀ ਸੀ।
3 : ਉਸੇ ਵੇਲੇ ਮੇਰਠ ਛਾਉਣੀ ਵਿਚ ਵੀ ਕਾਰਵਾਈ ਹੋਣੀ ਸੀ ਤੇ ਮੇਰਠ 'ਤੇ ਕਬਜ਼ਾ ਕਰਨਾ ਸੀ।
4 : ਬਾਕੀ ਛਾਉਣੀਆਂ ਵਿਚ ਸਿਗਨਲ ਭੇਜੇ ਗਏ ਸਨ ਤੇ ਗ਼ਦਰ ਦਾ ਕੰਮ ਮੁਕੰਮਲ ਕਰਨਾ ਸੀ।
1 : ਗ਼ਦਰੀ ਜਦੋਂ ਆਪਣੀ ਯੋਜਨਾ 'ਤੇ ਕੰਮ ਕਰ ਰਹੇ ਸਨ ਤਾਂ ਦੂਜੇ ਪਾਸੇ ਸਰਕਾਰ ਵੀ ਹਨੇਰੇ ਵਿਚ ਨਹੀਂ ਸੀ।
2 : ਬੇਲਾ ਸਿੰਘ ਜ਼ੈਲਦਾਰ ਦੇ ਰਾਹੀਂ ਪੁਲਿਸ ਨੇ ਇਕ ਕ੍ਰਿਪਾਲ ਸਿੰਘ ਬਰਾੜ ਨਾਮੀ ਵਿਅਕਤੀ ਨੂੰ 9 ਫਰਵਰੀ 1915 ਵੱਡੀ ਰਕਮ ਦੇ ਲਾਲਚ ਵਿਚ ਮੁਖਬਰ ਦੇ ਤੌਰ 'ਤੇ ਖਰੀਦਿਆ।
3 : ਕ੍ਰਿਪਾਲ ਸਿੰਘ ਸ਼ਿੰਘਾਈ ਤੋਂ ਆਇਆ ਇਕ ਪ੍ਰਵਾਸੀ ਸੀ ਅਤੇ

23ਵੇਂ ਰਸਾਲੇ ਦੇ ਬਲਵੰਤ ਸਿੰਘ ਦਾ ਭਰਾ ਸੀ।

4 : ਬਲਵੰਤ ਸਿੰਘ ਹੀ ਉਹਨੂੰ 12 ਫਰਵਰੀ ਅੰਮ੍ਰਿਤਸਰ ਲਿਆਇਆ।

1 : ਕ੍ਰਿਪਾਲ ਸਿੰਘ ਨੇ ਕਿਸੇ ਤਰੀਕੇ ਨਾਲ ਗ਼ਦਰੀਆਂ ਨੂੰ ਯਕੀਨ ਦਿਵਾ ਦਿੱਤਾ

2 : ਕਿ ਉਹ ਸ਼ਿਘਾਈ ਵਿਚ ਗ਼ਦਰ ਅੰਦੋਲਨ ਜਥੇਬੰਦ ਕਰਨ ਵਾਲੇ ਮੋਢੀਆਂ ਵਿਚੋਂ ਹੈ।

3 : ਇਸ ਤਰ੍ਹਾਂ ਉਹ ਪਾਰਟੀ ਦੇ ਅੰਦਰਲੇ ਹਲਕਿਆਂ ਵਿਚ ਘੁਸਪੈਠ ਕਰਨ ਵਿਚ ਕਾਮਯਾਬ ਹੋ ਗਿਆ।

4 : ਕ੍ਰਿਪਾਲ ਸਿੰਘ ਨੂੰ ਪਤਾ ਲਗ ਗਿਆ ਕਿ ਗ਼ਦਰ ਦੀ ਤਰੀਖ 21 ਫਰਵਰੀ ਨੀਅਤ ਹੋ ਗਈ ਹੈ।

1 : ਉਹ ਇਹ ਖ਼ਬਰ ਆਪ ਜਾ ਕੇ ਪੁਲਿਸ ਨੂੰ ਦਸਣ ਵਿਚ ਸਫਲ ਹੋ ਗਿਆ।

2 : ਪੁਲਿਸ ਦੀ ਹਰਕਤ ਗ਼ਦਰੀ ਹੈਡਕਵਾਟਰ ਦੇ ਦੁਆਲੇ ਤੇਜ਼ ਹੋਣ 'ਤੇ ਗ਼ਦਰੀਆਂ ਨੂੰ ਸ਼ੱਕ ਤਾਂ ਪੈ ਗਿਆ ਕਿ ਉਹਨਾਂ ਵਿਚ ਕੋਈ ਮੁਖਬਰ ਘੁਸਪੈਠ ਕਰ ਗਿਆ ਹੈ

3 : ਪਰ ਕ੍ਰਿਪਾਲ ਸਿੰਘ ਉਤੇ ਸ਼ਕ ਨਾ ਹੋਇਆ।

4 : ਸਗੋਂ ਉਸਨੂੰ ਲਾਹੌਰ ਛਾਉਣੀ ਵਿਚ 23ਵੀਂ ਰਸਾਲੇ ਵਿਚ ਗ਼ਦਰ ਕਰਨ ਲਈ ਚੁਣਿਆ ਗਿਆ।

1 : ਇਹ ਤਾਂ 15 ਫਰਵਰੀ ਉਹ ਲਾਹੌਰ ਰੇਲਵੇ ਸਟੇਸ਼ਨ 'ਤੇ ਘੁੰਮਦਾ ਹੋਇਆ ਗ਼ਦਰੀ ਨਿਧਾਨ ਸਿੰਘ ਦੀ ਨਜ਼ਰੇ ਪੈ ਗਿਆ

2 : ਜਦੋਂ ਕਿ ਹਿਦੈਤ ਅਨੁਸਾਰ ਉਸਨੂੰ ਉਸ ਵੇਲੇ ਲਾਹੌਰ ਛਾਉਣੀ ਵਿਚ ਫ਼ੌਜੀਆਂ ਦੀਆਂ ਬੈਰਕਾਂ ਵਿਚ ਹੋਣਾ ਚਾਹੀਦਾ ਸੀ।

3 : ਗ਼ਦਰੀਆਂ ਨੇ ਸੋਚਿਆ ਕਿ ਉਸ ਮੌਕੇ ਕ੍ਰਿਪਾਲ ਸਿੰਘ ਨੂੰ ਹਟਾਉਣਾ ਠੀਕ ਨਹੀਂ।

4 : ਭਾਵੇਂ ਉਸ ਉਤੇ ਕਰੜੀ ਨਿਗਰਾਨੀ ਰਖੀ ਗਈ।

1 : ਜਦੋਂ 16 ਤਰੀਖ ਗ਼ਦਰ ਮੁੱਖ ਦਫਤਰ ਨੂੰ ਯਕੀਨ ਹੋ ਗਿਆ ਕਿ ਕ੍ਰਿਪਾਲ ਸਿੰਘ ਇਕ ਮੁਖਬਰ ਹੈ ਤਾਂ ਉਹਨਾਂ ਨੇ ਗ਼ਦਰ ਦੀ ਤਰੀਖ ਦੋ ਦਿਨ ਪਹਿਲੇ ਕਰ ਦਿੱਤੀ।

2 : ਅਤੇ ਇਸ ਤਰੀਖ ਨੂੰ ਕ੍ਰਿਪਾਲ ਸਿੰਘ ਤੋਂ ਗੁਪਤ ਰੱਖਿਆ ਗਿਆ।

3 : ਸਭ ਛਾਉਣੀਆਂ ਵਿਚ ਤੁਰੰਤ ਸੂਚਨਾਵਾਂ ਭੇਜੀਆਂ ਗਈਆਂ।

4 : ਗ਼ਦਰੀਆਂ ਦੇ ਵਿਰੁੱਧ ਸਰਕਾਰੀ ਏਜੰਸੀਆਂ ਵਿਚ ਵੀ ਗ਼ਦਰ ਦੀ ਸੂਚਨਾ ਤੇਜ਼ੀ ਨਾਲ ਫੈਲੀ।

1 : 18 ਫਰਵਰੀ ਕ੍ਰਿਪਾਲ ਸਿੰਘ ਦੀ ਭੇਜੀ ਹੋਈ ਇਕ ਪਹਿਲੀ ਸੂਚਨਾ ਦੇ ਅਨੁਸਾਰ ਪੁਲਸ ਨੇ ਮੋਚੀ ਗੇਟ ਦੇ ਮੁੱਖ ਦਫਤਰ 'ਤੇ ਹਮਲਾ ਕਰਨ ਦੀ ਪੂਰੀ ਤਿਆਰੀ ਕੀਤੀ ਹੋਈ ਸੀ।

2 : ਗ਼ਦਰੀ ਰਖਵਾਲਿਆਂ ਅਤੇ ਕ੍ਰਿਪਾਲ ਸਿੰਘ ਦੀ ਲੁਕਣਮੀਟੀ ਦੋ-ਤਿੰਨ ਦਿਨ ਚਲਦੀ ਰਹੀ।

3 : ਆਪਣੀ-ਆਪਣੀ ਖੇਡ ਉਹਨਾਂ ਨੇ ਖੇਡੀ।

4 : ਕ੍ਰਿਪਾਲ ਸਿੰਘ ਨੂੰ ਕਮਰੇ ਵਿਚ ਬੰਦ ਕਰ ਦਿੱਤਾ ਗਿਆ ਪਰ ਉਹ ਪੇਸ਼ਾਬ ਦੇ ਬਹਾਨੇ ਕੋਠੇ 'ਤੇ ਆ ਗਿਆ

1 : ਤੇ ਨਾਲ ਦੇ ਮਕਾਨਾਂ ਵਿਚ ਛੁਪੀ ਹੋਈ ਪੁਲਸ ਫੋਰਸ ਨੂੰ ਇਸ਼ਾਰਾ ਕਰਨ ਵਿਚ ਕਾਮਯਾਬ ਹੋ ਗਿਆ।

2 : ਪੁਲਿਸ ਨੇ ਇਕ ਦਮ ਛਾਪਾ ਮਾਰਿਆ ਤੇ 7 ਗ਼ਦਰੀਆਂ ਨੂੰ ਕਾਬੂ ਕਰ ਲਿਆ।

3 : ਜਲਦੀ ਹੀ ਤਿੰਨ ਹੋਰ ਪਕੜੇ ਗਏ ਜਦੋਂ ਉਹ ਅਣਜਾਣੇ ਵਿਚ ਉਸ ਘਰ ਵਿਚ ਦਾਖ਼ਲ ਹੋ ਗਏ।

4 : ਮੁੱਖ ਦਫਤਰ ਪੁਲਿਸ ਦੇ ਕਾਬੂ ਆਉਣ ਦੀ ਖ਼ਬਰ ਮਿਲਦੇ ਹੀ ਦੂਜੇ ਲੀਡਰ ਇਧਰ ਉਧਰ ਹੋ ਗਏ

1 : ਤੇ ਯੋਜਨਾ ਬਿਖਰ ਗਈ।

2 : 20 ਫਰਵਰੀ, 6 ਹੋਰ ਗ਼ਦਰੀ ਪਕੜੇ ਗਏ ਜਦੋਂ ਕਿ 19 ਫਰਵਰੀ ਦੀਆਂ ਘਟਨਾਵਾਂ ਤੋਂ ਅਣਜਾਣ ਪਾਰਟੀ ਦੇ ਮੁੱਖ ਦਫਤਰ ਵਿਚ ਦਾਖ਼ਲ ਹੋਏ।

3 : ਲਾਹੌਰ ਛਾਉਣੀ ਵਿਚ 23ਵੇਂ ਰਸਾਲੇ ਦੇ ਫ਼ੌਜੀ 19 ਫਰਵਰੀ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਸਨ।

4 : ਘੋੜ ਸਵਾਰ ਫ਼ੌਜੀਆਂ ਨਾਲ ਇਹ ਤਹਿ ਹੋ ਚੁੱਕਿਆ ਸੀ ਕਿ ਕੁਝ ਗ਼ਦਰੀ ਰੇਲ ਲਾਈਨ ਦੇ ਨੇੜੇ ਇਕੱਠੇ ਹੋਣਗੇ।

1 : ਇਹਨਾਂ ਵਿਚੋਂ 6-7 ਦੀ ਇਕ ਟੋਲੀ ਤਲਵਾਰਾਂ ਕਾਬੂ ਕਰਨ ਦੇ ਲਈ ਬੈਰਕਾਂ ਵੱਲ ਵਧੇਗੀ।

2 : ਉਹਨਾਂ ਦਿਨਾਂ ਵਿਚ ਘੋੜ ਸਵਾਰ ਸਿਪਾਹੀਆਂ ਕੋਲ ਤਲਵਾਰਾਂ ਹੀ ਹੁੰਦੀਆਂ ਸਨ।

3 : ਰਫਲਾਂ ਸਿਰਫ ਟਰੇਨਿੰਗ ਲਈ ਜਾਂ ਜੰਗ ਦੇ ਮੈਦਾਨ ਵਿਚ ਹੀ ਦਿੱਤੀਆਂ ਜਾਂਦੀਆਂ ਸਨ।

4 : ਯੋਜਨਾ ਸੀ ਕਿ ਜਦੋਂ ਸਾਰੇ ਜਵਾਨ ਹਾਜ਼ਰੀ ਲਈ ਪਰੇਡ ਵਿਚ ਹੋਣਗੇ

1 : ਤਾਂ ਦੂਸਰੀ ਟੋਲੀ ਅਸਲਾਖਾਨੇ ਉਤੇ ਹਮਲਾ ਕਰਕੇ ਅਸਲਾ ਕਾਬੂ ਕਰੇਗੀ।

2 : ਇਸਦੇ ਬਾਅਦ ਅੰਗਰੇਜ਼ ਫ਼ੌਜੀਆਂ ਨੂੰ ਖਤਮ ਕਰਨ ਦੇ ਲਈ ਸਵਾਰਾਂ ਨੇ ਗ਼ਦਰੀਆਂ ਨਾਲ ਆ ਮਿਲਣਾ ਸੀ।

3 : ਇਹ ਯੋਜਨਾ ਸੀ ਤੇ 19 ਫਰਵਰੀ ਨਿਸ਼ਚਿਤ ਸਮੇਂ 'ਤੇ ਗ਼ਦਰੀ, ਪ੍ਰੇਮ ਸਿੰਘ ਅਤੇ ਜਗਤ ਸਿੰਘ ਦੀ ਕਮਾਨ ਥਲੇ ਰੇਲ ਲਾਈਨ ਦੇ ਨੇੜੇ ਇਕੱਠੇ ਹੋਏ।

4 : ਪਰ ਰੈਜਮੈਂਟ ਦੇ ਅਧਿਕਾਰੀਆਂ ਨੂੰ ਖ਼ਬਰ ਮਿਲ ਚੁੱਕੀ ਸੀ।

1 : ਸ਼ਾਮ 7 ਵਜੇ ਅਚਾਨਕ ਹੀ ਸਾਰੀ ਰੈਜਮੈਂਟ ਨੂੰ ਫਾਲਨ ਹੋਣ ਦਾ ਹੁਕਮ ਦਿੱਤਾ ਗਿਆ।

2 : ਹਥਿਆਰਾਂ ਨਾਲ ਲੈਸ ਅੰਗਰੇਜ਼ ਸੰਤਰੀ ਡਿਊਟੀ 'ਤੇ ਲਗਾਏ ਗਏ।

3 : ਸਾਰੀ ਰੈਜਮੈਂਟ ਨੂੰ ਫਾਲਨ ਹੋਇਆ ਦੇਖਕੇ ਗ਼ਦਰੀ ਸਮਝ ਗਏ ਕਿ ਸਾਜ਼ਿਸ਼ ਦਾ ਪਤਾ ਲਗ ਚੁੱਕਿਆ ਹੈ।

4 : ਸੋ ਉਹ ਉਥੋਂ ਚਲੇ ਆਏ।

1 : 18 ਫਰਵਰੀ ਫਿਰੋਜ਼ਪੁਰ ਵਿਚ 26ਵੀਂ ਪੰਜਾਬ ਰੈਜੀਮੈਂਟ ਦੇ ਅੱਠ ਸਿਪਾਹੀ ਜਿਨ੍ਹਾਂ ਉਤੇ ਗ਼ਦਰੀ ਮੁੱਖ ਟੇਕ ਰਖਦੇ ਸਨ।

2 : ਮਸ਼ਲੂਕ ਹੋਣ ਕਰਕੇ ਫ਼ੌਜ ਵਿਚੋਂ ਕੱਢ ਦਿੱਤੇ ਗਏ।

3 : ਫਿਰੋਜ਼ਪੁਰ ਵਿਚ ਯੋਜਨਾ ਇਹ ਸੀ ਕਿ ਗ਼ਦਰੀ ਰੇਂਜ 'ਤੇ ਇਕੱਠੇ ਹੋਣਗੇ।

4 : 26ਵੀਂ ਰੈਜੀਮੈਂਟ ਦੇ ਫ਼ੌਜੀ ਸਾਥੀ ਇਕੱਠੇ ਹੀ ਕਾਰਵਾਈ ਕਰਨਗੇ।

1 : ਇਕ ਟੋਲੀ ਮੈਗਜ਼ੀਨ 'ਤੇ ਹਮਲਾ ਕਰੇਗੀ

2 : ਦੂਜੀ ਰੈਜੀਮੈਂਟਲ ਬੈਰਕਾਂ ਉਤੇ ਧਾਵਾ ਬੋਲੇਗੀ।

3 : ਅੰਗਰੇਜ਼ ਸਿਪਾਹੀ ਖਤਮ ਕਰ ਦਿੱਤੇ ਜਾਣਗੇ।

4 : ਤਹਿ ਕੀਤੇ ਪਲਾਨ ਦੇ ਅਨੁਸਾਰ ਗ਼ਦਰੀ ਰਾਤ ਦੇ 9 ਵਜੇ ਦੀ ਗੱਡੀ ਸਟੇਸ਼ਨ 'ਤੇ ਉਤਰੇ।

1 : ਸੰਤ ਰਨਬੀਰ ਸਿੰਘ ਆਪਣੇ ਨਾਲ 60 ਵਿਅਕਤੀਆਂ ਦਾ ਜਥਾ ਲਿਆਏ।

2 : ਇਹ ਜਥਾ ਅਤੇ ਊਧਮ ਸਿੰਘ ਹੰਸ, ਈਸ਼ਰ ਸਿੰਘ ਢੂਡੀਕੇ ਅਤੇ ਅਰਜਨ ਸਿੰਘ ਘੁੰਗਮਣਾ ਤੇ ਇਕ ਗ਼ਦਰੀ ਕਰਤਾਰ ਸਿੰਘ ਸਰ੍ਹਾਭਾ ਦੀ ਕਮਾਨ ਥਲੇ ਰੇਂਜ ਵੱਲ ਵਧੇ।

3 : ਉਹਨਾਂ ਨਾਲ ਨਾਮ ਕੱਟੇ ਫ਼ੌਜੀਆਂ ਵਿਚੋਂ ਵੀ ਕੁਝ ਸਨ।

4 : ਇਸ ਗੱਡੀ ਰਾਹੀਂ ਆਪਣੇ ਸਾਥੀਆਂ ਤੋਂ ਇਲਾਵਾ ਕੋਈ 100 ਦੂਸਰੇ ਵੀ ਰੇਂਜ 'ਤੇ ਇਕੱਠੇ ਹੋ ਚੁੱਕੇ ਸਨ।

1 : ਕਰਤਾਰ ਸਿੰਘ ਸਰ੍ਹਾਭਾ ਨੇ ਨਾਮ ਕੱਟਿਆਂ ਫ਼ੌਜੀਆਂ ਵਿਚ ਇਕ

ਕਿਰਪਾ ਸਿੰਘ ਨੂੰ ਬੈਰਕਾਂ ਵਿਚ ਭੇਜਿਆ

2 : ਤਾਂ ਜੋ ਉਹ ਜਾ ਕੇ ਦੂਜਿਆਂ ਨੂੰ ਨਾਲ ਲਿਆ ਸਕੇ ਜਿਨ੍ਹਾਂ ਨਾਲ ਮਿਲਕੇ ਉਹਨਾਂ ਨੇ ਯੋਜਨਾ ਨੂੰ ਸਿਰੇ ਚੜ੍ਹਾਉਣਾ ਸੀ।

3 : ਸਰ੍ਹਾਭਾ ਹੋਰੀ ਉਡੀਕਦੇ ਰਹੇ, ਪਰ ਕਿਰਪਾ ਸਿੰਘ ਵਾਪਸ ਨਾ ਆਇਆ।

4 : ਰਾਤ ਲੰਘਦੀ ਜਾ ਰਹੀ ਸੀ ਤੇ ਉਡੀਕ ਦੀਆਂ ਘੜੀਆਂ ਲੰਮੀਆਂ ਹੁੰਦੀਆਂ ਜਾ ਰਹੀਆਂ ਸਨ।

1 : ਸੂਰਜ ਚੜ੍ਹਣ ਤੋਂ ਪਹਿਲਾਂ ਵੀ ਰੇਂਜ 'ਤੇ ਇਕੱਠੇ ਹੋਏ ਸਾਥੀ ਇਧਰ ਉਧਰ ਬਿਖਰ ਗਏ।

2 : ਬਾਅਦ ਵਿਚ ਪਤਾ ਲਗਾ ਕਿ ਕਿਰਪਾ ਸਿੰਘ ਨੂੰ ਬੈਰਕਾਂ ਵਿਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

3 : ਫਿਰੋਜ਼ਪੁਰ ਵਿਚ ਅਸਫਲ ਰਹਿਣ ਤੋਂ ਬਾਅਦ ਕਰਤਾਰ ਸਿੰਘ ਸਰ੍ਹਾਭਾ ਅਤੇ ਸਾਥੀ ਲਾਹੌਰ ਵੱਲ ਮੁੜ ਪਏ

4 : ਇਹ ਜਾਣਨ ਦੇ ਲਈ ਕਿ ਉਥੇ ਕੀ ਵਾਪਰਿਆ ਹੈ।

1 : ਮੇਰਠ ਅਤੇ ਹੋਰਾਂ ਥਾਵਾਂ 'ਤੇ ਵੀ ਗ਼ਦਰੀ ਪੰਜਾਬ ਤੋਂ ਸਿਗਨਲ ਦੀ ਉਡੀਕ ਕਰਦੇ ਰਹੇ ਜੋ ਨਾ ਆਉਣਾ ਸੀ ਤੇ ਨਾ ਆਇਆ।

2 : ਇਸ ਤਰ੍ਹਾਂ ਗ਼ਦਰ ਨਾ ਹੋ ਸਕਿਆ।

3 : ਅਸਫਲਤਾ ਦੀਆਂ ਖ਼ਬਰਾਂ ਜਿਉਂ ਤਿਉਂ ਗ਼ਦਰੀਆਂ ਨੂੰ ਪੁੱਜਦੀਆਂ ਗਈਆਂ, ਉਹਨਾਂ ਵਿਚ ਘੋਰ ਮਾਯੂਸੀ ਫੈਲਦੀ ਗਈ।

4 : ਕਰਤਾਰ ਸਿੰਘ ਸਰ੍ਹਾਭਾ, ਜਗਤ ਸਿੰਘ ਸੁਰ ਸਿੰਘ ਅਤੇ ਹਰਨਾਮ ਸਿੰਘ ਟੁੰਡੀ ਲਾਟ ਗ੍ਰਿਫ਼ਤਾਰ ਹੋਣ ਤੋਂ ਬਚ ਗਏ ਸਨ।

1 : ਤਿੰਨਾਂ ਦੇ ਦੁਬਾਰਾ ਗ਼ਦਰ ਨੂੰ ਜਥੇਬੰਦ ਕਰਨ ਲਈ ਸਰਹੱਦੀ ਸੂਬੇ ਵੱਲ ਕੂਚ ਕੀਤਾ।

2 : ਤਾਂ ਜੋ ਪਠਾਨ ਕਬੀਲਿਆਂ ਨਾਲ ਸੰਪਰਕ ਬਣਾ ਸਕਣ।

3 : ਦਰਿਆ ਅਟਕ ਨੂੰ ਪਾਰ ਕਰਨ ਤੋਂ ਪਹਿਲਾਂ ਜਦ ਉਹ ਕਿਨਾਰੇ 'ਤੇ ਬੈਠੇ ਸਨ

4 : ਤਾਂ ਹਰਨਾਮ ਸਿੰਘ ਟੁੰਡੀਲਾਟ ਗ਼ਦਰ ਗੂੰਜਾਂ ਤੋਂ ਇਕ ਗੀਤ ਗੁਣਗੁਣਾਉਣ ਲਗ ਪਏ।

1 : ਬਣੀ ਸਿਰ ਸ਼ੇਰਾਂ ਤਾਂ ਫਿਰ ਭਜਣਾ ਕੀ

2 : ਇਸਨੇ ਕਰਤਾਰ ਸਿੰਘ ਸਰ੍ਹਾਭਾ ਦਾ ਮੰਨ ਬਦਲ ਦਿੱਤਾ।

3 : ਉਸਨੇ ਆਪਣੇ ਦੂਸਰੇ ਸਾਥੀਆਂ ਨੂੰ ਬੁਲਾਇਆ ਅਤੇ ਵਾਪਸ ਚਲ ਪਏ।

4 : ਸਰਗੋਧੇ ਕੋਲ 2 ਮਾਰਚ 1915 ਰਾਹੀਂ ਉਹ ਇਕ ਪੁਰਾਣੇ ਸੰਪਰਕ ਦੀ ਗ਼ਦਰੀ ਕਰਕੇ ਪਕੜੇ ਗਏ।

1 : ਬਾਅਦ ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ ਉਹਨਾਂ ਉਤੇ ਮੁਕੱਦਮਾ ਚਲਾਇਆ ਅਤੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਹੋਈ।

2 : ਕ੍ਰਿਪਾਲ ਸਿੰਘ ਨੂੰ ਉਹਦੀ ਗ਼ਦਾਰੀ ਬਦਲੇ ਅੰਗਰੇਜ਼ ਸਰਕਾਰ ਨੇ ਚੱਕ ਨੰਬਰ 102/5 ਖਾਨੇਵਾਲ ਜ਼ਿਲ੍ਹਾ ਮੁਲਤਾਨ ਵਿਚ ਮੁਰੱਬੇ ਦਿੱਤੇ।

3 : ਬਾਰੇ ਦੇ ਲੋਕ ਉਸਨੂੰ ਬੜੀ ਨਫ਼ਰਤ ਨਾਲ ਵੇਖਦੇ ਸਨ।

4 : ਕ੍ਰਿਪਾਲ ਸਿੰਘ ਜਿਨਾਂ ਚਿਰ ਜੀਂਦਾ ਰਿਹਾ, ਆਪਣੇ ਅੰਦਰ ਦੇ ਪਾਪ ਦੇ ਕਾਰਨ ਡਰਦਾ ਹੀ ਰਿਹਾ।

1 : ਉਹਨੇ ਆਪਣੇ ਅਹਾਤੇ ਦੀ 8 ਫੁੱਟ ਉੱਚੀ ਕੰਧ ਦੀ ਕੈਦ ਵਿਚ ਹੀ ਜੀਣਾ ਪਿਆ।

2 : ਉਸਨੇ ਆਪਣੇ ਅਹਾਤੇ ਦੇ ਦਰਮਿਆਨ ਇਕ ਦੋ ਮੰਜ਼ਲੀ ਕੋਠੀ ਉਸਾਰੀ ਹੋਈ ਸੀ।

3 : ਚੌਕਸੀ ਲਈ ਉਹਨੇ ਕੁੱਤੇ ਤੇ ਬਤਖਾਂ ਵੀ ਰਖੀਆਂ ਹੋਈਆਂ ਸਨ।

4 : 1931 ਦੀ 11 ਜੁਲਾਈ ਵਾਲੀ ਗਰਮੀਆਂ ਦੀ ਰਾਤ ਜਦੋਂ ਉਹ ਆਪਣੇ ਚੁਬਾਰੇ ਦੀ ਛੱਤ 'ਤੇ ਸੁੱਤਾ ਹੋਇਆ ਸੀ ਤਾਂ ਉਸ ਰਾਤ ਨਾ ਬਤਖ਼ਾਂ ਬੋਲੀਆਂ ਤੇ ਨਾ ਹੀ ਕੁੱਤੇ ਭੌਂਕੇ।

1 : ਘਰ ਦਾ ਭੇਦੀ 8 ਫੁੱਟ ਬਾਂਸ ਦੀ ਪੌੜੀ ਲਗਾਕੇ ਅਹਾਤੇ ਵਿਚ ਉਤਰ ਆਇਆ।

2 : ਬਤਖਾਂ ਦਾਨਾ ਚੁਗਣ ਲਈ ਉਸ ਵੱਲ ਆਈਆਂ।

3 : ਕੁੱਤਿਆਂ ਨੇ ਆਪਣੀ ਪੂਛਲ ਪਿਆਰ ਨਾਲ ਹਿਲਾਈ।

4 : ਉਸ ਵਿਅਕਤੀ ਨੇ ਡੂੰਘੀ ਨੀਂਦਰ ਸੁੱਤੇ ਹੋਏ ਕ੍ਰਿਪਾਲ ਸਿੰਘ ਦਾ ਸਿਰ ਧੜ ਤੋਂ ਵੱਖ ਕੀਤਾ।

1 : ਕ੍ਰਿਪਾਲ ਸਿੰਘ ਦੀਆਂ ਦੋ ਵਹੁਟੀਆਂ ਵਿਧਵਾ ਤਾਂ ਹੋ ਗਈਆਂ

2 : ਪਰ ਇਸਦੇ ਨਾਲ ਦੇਸ਼ 'ਚ ਇਕ ਗ਼ਦਰ ਜਹਾਨੋਂ ਕੂਚ ਕਰ ਗਿਆ।

3 : ਉਵੇਂ ਇਹ ਸਿੱਤਮ ਦੀ ਗੱਲ ਏ ਕਿ ਆਜ਼ਾਦੀ ਦੇ ਬਾਅਦ ਵੀ ਕ੍ਰਿਪਾਲ ਸਿੰਘ ਦੇ ਵਾਰਸਾਂ ਨੂੰ ਪਾਕਿਸਤਾਨ ਵਿਚ ਰਹਿ ਗਏ ਮੁਰੱਬਿਆਂ ਦੇ ਬਦਲੇ ਫਿਲੋਰ ਦੇ ਨੇੜੇ ਭੈਣੀਗਾਓ ਵਿਚ ਜ਼ਮੀਨ ਅਲਾਟ ਹੋਈ ਹੋਈ ਏ।

4 : ਆਉਣ ਵਾਲੇ ਸਮੇਂ ਵਿਚ ਹਾਲੀ ਕੋਈ ਆਸ ਦੀ ਕਿਰਨ ਨਹੀਂ ਦਿਸਦੀ ਸੀ।

1 : ਪਰ ਫੇਰ ਵੀ ਜੇਲ੍ਹੋਂ ਬਾਹਰ ਗ਼ਦਰੀਆਂ ਵਿਚ ਬੜਾ ਜੋਸ਼ ਸੀ।

2 : ਗ਼ਦਰੀਆਂ ਦਾ ਬਹੁਤ ਗੁੱਸਾ ਮੁਖਬਰਾਂ ਅਤੇ ਗ਼ਦਾਰਾਂ ਉਤੇ ਸੀ
3 : ਜਿਨ੍ਹਾਂ ਕਰਕੇ ਗ਼ਦਰ ਅਸਫਲ ਹੋਇਆ ਸੀ।
4 : ਇਸ ਲਈ ਉਹਨਾਂ ਦਾ ਅਗਲਾ ਪ੍ਰੋਗਰਾਮ ਬਦਲਾ ਲੈਣ ਉਤੇ ਕੇਂਦਰਤ ਸੀ।
1 : ਬਹੁਤ ਸਾਰੇ ਮੁਖਬਰਾਂ ਅਤੇ ਗ਼ਦਾਰਾਂ ਨੂੰ ਪਾਰ ਬੁਲਾ ਦਿੱਤਾ ਗਿਆ।
2 : ਏਸ ਕਾਰਵਾਈ ਵਿਚ ਪ੍ਰੇਮ ਸਿੰਘ ਬਹੁਤ ਸਰਗਰਮ ਸੀ।
3 : ਕ੍ਰਿਪਾਲ ਸਿੰਘ ਨੂੰ ਪਾਰ ਬੁਲਾਈਏ ਦੀ ਜ਼ਿੰਮੇਵਾਰੀ ਵੀ ਪ੍ਰੇਮ ਸਿੰਘ ਨੇ ਲਈ ਸੀ।
4 : ਇਹ ਸਭ ਕੁਝ ਕਰਨ ਦੇ ਬਅਦ ਅਸਫਲਤਾ ਤੇ ਕਾਰਾਂ ਉਤੇ ਵੀ ਨਜ਼ਰ ਮਾਰਨ ਦੀ ਲੋੜ ਜ਼ਰੂਰੀ ਹੈ।
1 : ਸਭ ਤੋਂ ਵੱਡਾ ਕਾਰਨ ਧੋਖਾ, ਗ਼ਦਾਰੀ ਅਤੇ ਸਾਜ਼ਸ਼ਾਂ ਸਨ।
2 : ਗ਼ਦਰੀ ਸੂਰਬੀਰਾਂ ਨੂੰ ਇਹਦਾ ਅਫਸੋਸ ਜ਼ਰੂਰ ਸੀ ਪਰ ਕਿਸੇ ਕਿਸਮ ਦਾ ਪਛਤਾਵਾ ਨਹੀਂ ਸੀ ਕਿ ਇਹ ਜੰਗ ਉਹਨੇ ਕਿਉਂ ਲੜੀ।
3 : ਇਸਦਾ ਸਬੂਤ ਉਹ ਬਿਆਨ ਹਨ ਜੋ ਉਹਨਾਂ ਨੇ ਵੱਖ-ਵੱਖ ਮੁੱਕਦਮਿਆਂ ਦੇ ਦਰਮਿਆਨ ਦਿੱਤੇ।
4 : ਇਹਨਾਂ ਬਿਆਨਾਂ ਵਿਚ ਅੰਗਰੇਜ਼ਾਂ ਦੇ ਵਿਰੁੱਧ ਬਗਾਵਤ ਦੇ ਜੁਰਮ ਨੂੰ ਉਹਨਾਂ ਨੇ ਖੁਸ਼ੀ ਨਾਲ ਕਬੂਲਿਆ।
1 : ਤੇ ਹੱਸਦਿਆਂ ਹੋਇਆਂ ਫਾਂਸੀਆਂ ਦੇ ਰੱਸੇ ਚੁੰਮੇ ਤੇ ਕਾਲੇ ਪਾਣੀਆਂ ਵਿਚ ਲੰਮੀਆਂ ਕੈਦਾਂ ਕੱਟੀਆਂ।
2 : ਗ਼ਦਰ ਪਾਰਟੀ ਦੇ ਉਹ ਵਰਕਰ ਜੋ ਗ੍ਰਿਫ਼ਤਾਰੀ ਤੋਂ ਬਚ ਨਿਕਲੇ ਸਨ
3 : ਆਪਣੇ ਨੀਤੀਆਂ ਅਤੇ ਪ੍ਰੋਗਰਾਮਾਂ ਅਤੇ ਪ੍ਰੋਗਰਾਮਾਂ ਦੇ ਬਾਰੇ ਦੁਬਾਰਾ ਸੋਚਣ ਲਈ ਵਾਪਸ ਅਮਰੀਕਾ ਪੁੱਜੇ
4 : ਉਧਰ ਅਪ੍ਰੈਲ 1917 ਅਮਰੀਕਾ ਵੀ ਅੰਗਰੇਜ਼ਾਂ ਦਾ ਸਾਥੀ ਬਣਕੇ ਪਹਿਲੇ ਸੰਸਾਰ ਯੁੱਧ ਵਿਚ ਕੁੱਦਿਆ।
1 : ਅੰਗਰੇਜ਼ਾਂ ਨੇ ਅਮਰੀਕਾ ਦੀ ਸਰਕਾਰ ਤੇ ਜ਼ੋਰ ਪਾਇਆ ਕਿ ਗ਼ਦਰੀ ਜਰਮਨੀ ਦੇ ਹੱਕ ਵਿਚ ਕੰਮ ਕਰ ਰਹੇ ਹਨ ਤੇ ਅਮਰੀਕਾ ਸਰਕਾਰ ਉਹਨਾਂ ਵਿਰੁੱਧ ਕਾਰਵਾਈ ਕਰੇ।
2 : ਅਮਰੀਕਾ ਸਰਕਾਰ ਨੇ ਇਸੇ ਤਰ੍ਹਾਂ ਕੀਤਾ ਅਤੇ 31 ਭਾਰਤੀਆਂ ਉਤੇ ਅਮਰੀਕਾ ਦੀ ਨਿਰਪੱਖਤਾ ਨੂੰ ਭੰਗ ਕਰਨ ਦੇ ਇਲਜ਼ਾਮ ਵਿਚ ਮੁਕੱਦਮਾ ਦਾਇਰ ਕਰਵਾਇਆ।
3 : ਭਾਈ ਸੰਤੋਖ ਸਿੰਘ ਇਸ ਮੁਕੱਦਮੇ ਵਿਚ ਸਜ਼ਾ ਪਾਉਣ ਵਾਲਿਆਂ ਵਿਚੋਂ ਇਕ ਸਨ।

4 : ਜੇਲ੍ਹ ਵਿਚ ਉਹ ਇਕ ਰੂਸੀ ਇਨਕਲਾਬੀ ਦੇ ਸੰਘਰਸ਼ ਵਿਚ ਆਏ ਜਿਸ ਨੇ ਭਾਈ ਸੰਤੋਖ ਸਿੰਘ ਹੋਰਾਂ 'ਤੇ ਜ਼ੋਰ ਪਾਇਆ ਕਿ ਗ਼ਦਰ ਪਾਰਟੀ ਨਾਲ

1 : ਭਾਈ ਸੰਤੋਖ ਸਿੰਘ ਜੇਲ੍ਹ ਤੋਂ ਬਾਹਰ ਆਉਣ ਬਾਅਦ Communist International ਦੇ ਕੰਮ ਵਿਚ ਪੂਰੀ ਤਰ੍ਹਾਂ ਰੁੱਝ ਗਏ।

2 : ਭਾਈ ਰਤਨ ਸਿੰਘ ਹੋਰਾਂ ਨੂੰ ਨਾਲ ਲੇ ਕੇ ਉਹਨਾਂ ਦੇ ਮਾਸਕੋ ਜਾਣ ਦਾ ਪ੍ਰੋਗਰਾਮ ਬਣਾਇਆ।

3 : ਉਹ ਉਥੇ ਕਾਬੁਲ ਦੇ ਰਸਤੇ ਗਏ।

4 : ਕਾਬਲ ਵਿਚ ਉਹਨਾਂ ਨੂੰ ਤੇਜਾ ਸਿੰਘ ਸੁਤੰਤਰ ਮਿਲੇ।

1 : ਉਹ ਵੀ ਕੌਮਾਂਤਰੀ ਲਹਿਰ ਨਾਲ ਕੰਮ ਕਰਨਾ ਚਾਹੁੰਦੇ ਸਨ।

2 : ਭਾਈ ਸੰਤੋਖ ਸਿੰਘ ਤਾਂ ਭਾਰਤ ਵਾਪਸ ਆ ਗਏ

3 : ਪਰ ਭਾਈ ਰਤਨ ਸਿੰਘ ਮਾਸਕੋ ਤੋਂ ਹੀ ਸਾਂਸਫਰਾਂਸਿਕੋ ਚਲੇ ਗਏ।

4 : ਰੂਸ ਦੇ ਵਰਤਾਓ ਨਾਲ ਗ਼ਦਰੀ ਬਹੁਤ ਪ੍ਰਭਾਵਿਤ ਹੋਏ, ਭਾਵੇਂ ਰੂਸੀ ਵੀ ਗੋਰੇ ਸਾਹਬ ਸਨ।

1 : ਗੁਲਾਮ ਕੌਮ ਦੇ ਮੈਂਬਰਾਂ ਨੂੰ ਰੂਸ ਤੋਂ ਜੋ ਬਗਾਵਤ ਅਤੇ ਸਹਿਯੋਗ ਮਿਲਿਆ

2 : ਉਹ ਉਹਨਾਂ ਲਈ ਇਕ ਨਵਾਂ ਤਜ਼ਰਬਾ ਸੀ।

3 : ਇਸ ਤਰ੍ਹਾਂ ਉਹ ਸਮਾਜਵਾਦ ਦੇ ਫਲਸਫੇ ਵੱਲ ਖਿਚੇ ਗਏ।

4 : ਗੁਲਾਮੀ ਨੂੰ ਖਤਮ ਕਰਨ ਦੇ ਨਾਲ-ਨਾਲ ਸਮਾਜਕ ਇਨਸਾਫ ਵਾਲਾ ਸਮਾਜ ਬਨਾਉਣਾ ਵੀ ਗ਼ਦਰ ਪਾਰਟੀ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਇਆ।

2 : 1915 ਵਿਚ ਭਾਵੇਂ ਗ਼ਦਰ ਦੀ ਅਸਫਲਤਾ ਹੋਈ ਪਰ ਇਸ ਨਾਲ ਲਹਿਰ ਵਿਚ ਕੰਮ ਕਰਨ ਵਾਲੇ ਗ਼ਦਰੀਆਂ ਦੇ ਹੌਂਸਲੇ ਨਾ ਡਿੱਗੇ।

3 : ਗ਼ਦਰੀਆਂ ਨੇ ਜੇਲ੍ਹਾਂ ਵਿਚ ਵੀ ਆਪਣਾ ਸੰਘਰਸ਼ ਜਾਰੀ ਰੱਖਿਆ

4 : ਅਤੇ ਜਦੋਂ ਤੱਕ 1947 ਵਿਚ ਭਾਰਤ ਆਜ਼ਾਦ ਨਹੀਂ ਹੋਇਆ, ਗ਼ਦਰੀਆਂ ਨੇ ਜੰਗੇ ਆਜ਼ਾਦੀ ਵਿਚ ਵੱਧ ਚੜ੍ਹਕੇ ਹਿੱਸਾ ਪਾਇਆ।

1 : ਉਹਨਾਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ।

2 : ਭਾਰਤ ਦੀ ਜੰਗੇ ਆਜ਼ਾਦੀ ਵਿਚ ਉਹਨਾਂ ਨੇ ਸਮਾਜਵਾਦੀ ਤੱਤ ਨੂੰ ਸ਼ਾਮਲ ਕੀਤਾ।

3 : ਪੰਜਾਬ ਵਿਚ ਕਿਰਤੀ ਪਾਰਟੀ ਵੀ ਬਣੀ

4 : ਜਿਸਦਾ ਕਿਰਤੀ ਅਖਬਾਰ ਵੀ ਨਿਕਲਦਾ ਸੀ।

1 : ਕਿਰਤੀ ਪਾਰਟੀ ਅਸਲ ਵਿਚ ਪਹਿਲੀ ਗ਼ਦਰ ਪਾਰਟੀ ਹੀ ਸੀ।

2 : 1917 ਦੇ ਬਾਅਦ ਅੰਗਰੇਜ਼ਾਂ ਦੇ ਵਿਰੁੱਧ ਜੋ ਵੀ ਸੰਘਰਸ਼ ਚਲਿਆ, ਗ਼ਦਰ ਲਹਿਰ ਦਾ ਉਸ ਉਤੇ ਖਾਸ ਪ੍ਰਭਾਵ ਸੀ।
3 : ਭਾਵੇਂ ਉਹ ਬੱਬਰ ਅਕਾਲੀਆਂ ਦਾ ਅੰਦੋਲਨ ਸੀ
4 : ਭਾਵੇਂ ਉਹ ਭਗਤ ਸਿੰਘ ਦਵਾਰਾ ਚਲਾਇਆ ਹੋਇਆ ਇਨਕਲਾਬੀ ਅੰਦੋਲਨ ਸੀ।
1 : ਇਹ ਸਪਸ਼ਟ ਕਿਹਾ ਜਾ ਸਕਦਾ ਹੈ ਕਿ 1919 ਦੇ ਬਾਅਦ ਪੰਜਾਬ ਵਿਚ ਲਹਿਰ ਨੇ ਪ੍ਰੇਰਨਾ ਦਿੱਤੀ।
2 : ਇਹ 1926 ਦੀ ਗੱਲ ਹੈ, ਜਦੋਂ ਕਿਰਤੀ ਪਾਰਟੀ ਨੇ ਕਿਰਤੀ ਰਸਾਲਾ ਕੱਢਣ ਦੇ ਨਾਲ ਨਾਲ ਜਲਸੇ ਜਲੂਸਾਂ ਅਤੇ ਕਾਨਫਰੰਸਾਂ ਰਾਹੀਂ ਸਮਾਜਵਾਦ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ।
3 : ਇਸਦੇ ਨਾਲ-ਨਾਲ ਪੁਲਿਸ ਅਤਿਆਚਾਰ ਅਤੇ ਜੰਤਾ ਦੀਆਂ ਮੰਗਾਂ ਦੇ ਹੱਕ ਵਿਚ ਅੰਦੋਲਨ ਕੀਤੇ ਜਾਂਦੇ।
4 : ਇਸ ਅਧਾਰ 'ਤੇ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਖੜੀਆਂ ਕੀਤੀਆਂ ਗਈਆਂ।
1 : ਅਗਵਾਈ ਦੇਣ ਲਈ ਇਕ ਇਨਕਲਾਬੀ ਕਮੇਟੀ ਬਣਾਈ ਗਈ, ਜਿਸਦਾ ਸਕੱਤਰ ਭਾਈ ਸੰਤੋਖ ਸਿੰਘ ਸੀ।
2 : ਬਾਬਾ ਕਰਮ ਸਿੰਘ ਚੀਮਾ, ਭਾਈ ਰਤਨ ਸਿੰਘ, ਮਾਸਟਰ ਊਧਮ ਸਿੰਘ ਕਸੇਲ ਅਤੇ ਗੁਰਮੁੱਖ ਸਿੰਘ ਮੈਂਬਰ ਸੀ।
3 : ਪਿਛਲੇ ਤਿੰਨ ਮੈਂਬਰ ਕਾਬੁਲ ਵਿਚ ਜਲਾਵਤਨ ਸਨ।
4 : ਕਾਬਲ ਵਾਲੇ ਮੈਂਬਰਾਂ ਵਿਚੋਂ ਵਾਰੀ ਵਾਰੀ ਇਕ ਮੈਂਬਰ ਗੁਪਤ ਤੌਰ 'ਤੇ ਭਾਰਤ ਆਉਂਦਾ।
1 : ਦੂਸਰਾ ਗ਼ਦਰ ਹੈਡਕਵਾਟਰ ਅਮਰੀਕਾ, ਯੋਰਪ ਤੇ ਸੋਵੀਅਤ ਰੂਸ ਦਾ ਦੌਰਾ ਕਰਦਾ।
2 : ਇਸ ਤਰੀਕੇ ਨਾਲ ਇਹ ਕਮੇਟੀ ਦੁਨੀਆ ਦੀ ਹਾਲਤ ਅਤੇ ਭਾਰਤ ਦੀ ਸਿਆਸਤ ਬਾਰੇ ਭਲੀ ਭਾਂਤ ਵਾਕਿਫ ਰਹਿੰਦੀ ਸੀ।
3 : ਕਿਰਤੀ ਅਖਬਾਰ ਦੇ ਇਕ ਸਾਲ ਪੂਰੇ ਹੋਣ 'ਤੇ ਭਾਈ ਸੰਤੋਖ ਸਿੰਘ ਨੇ ਲਿਖਿਆ...
4 : ਕਿਰਤੀ ਜਿਸ ਨਿਸ਼ਾਨੇ ਨੂੰ ਲੈਕੇ ਪ੍ਰਕਾਸ਼ ਹੋਇਆ ਸੀ ਉਹ ਨਿਸ਼ਾਨਾ ਪੂਰਾ ਕੀਤਾ ਜਾਏਗਾ।
1 : ਕਿਰਤੀ ਦਾ ਆਪਣਾ ਨਿਸ਼ਾਨਾ ਸਿਰਫ ਸਵਰਾਜ ਜਾਂ ਹੋਮ ਰੂਲ ਨਹੀਂ
2 : ਸਗੋਂ ਹਿੰਦੋਸਤਾਨ ਦੀ ਪੂਰਨ ਆਜ਼ਾਦੀ ਅਤੇ ਮਜ਼ਦੂਰ ਕਿਸਾਨ ਰਾਜ ਦੀ ਸਥਾਪਨਾ ਹੈ।

3 : ਕਿਰਤੀ ਦਾ ਇਹ ਯਕੀਨ ਏ ਕਿ ਹਿੰਦੋਸਤਾਨ ਦੀ ਆਜ਼ਾਦੀ ਅਤੇ ਸਮਾਜਵਾਦ ਦੀ ਲੜਾਈ ਦੁਨੀਆ ਭਰਦੇ ਲੋਕਾਂ ਦੀ ਆਜ਼ਾਦੀ ਅਤੇ ਸੋਸ਼ਲਇਜ਼ਮ ਦੀ ਲੜਾਈ ਦੀ ਹੀ ਇਕ ਲੜੀ ਏ।

4 : ਦੂਸਰੀ ਸੰਸਾਰ ਜੰਗ ਦੇ ਸਮੇਂ ਅਤੇ ਫੇਰ ਜੰਗ ਤੋਂ ਬਾਅਦ ਗ਼ਦਰੀ ਅਮਰੀਕਾ ਦੇ ਸਾਰੇ ਸਰਗਰਮ ਮੈਂਬਰ ਭਾਰਤ ਭੇਜ ਦਿੱਤੇ ਗਏ।

1 : 1949 ਵਿਚ ਰਹਿ ਗਏ ਗ਼ਦਰੀਆਂ ਨੇ ਗ਼ਦਰ ਪਾਰਟੀ ਭੰਗ ਕਰ ਦਿੱਤੀ ਅਤੇ ਪੁਰਾਣੀ ਇਮਾਰਤ ਨੂੰ ਹੀ ਡੇਗ ਦਿੱਤਾ।

2 : ਗ਼ਦਰ ਹੈਡ ਕਵਾਟਰ ਦੀ ਥਾਂ ਗ਼ਦਰ ਮੈਮੋਰੀਅਲ ਖੜਾ ਕਰ ਦਿੱਤਾ ਗਿਆ।

3 : ਇਹਦੀ ਬਕਾਇਦਾ ਰਜਿਸਟਰੀ ਹਿੰਦੋਸਤਾਨ ਕੌਂਸਲ ਜਨਰਲ ਸਾਂਨਫਰਾਂਸਿਸਕੋ ਦੇ ਨਾਂ 1952 ਵਿਚ ਕਰ ਦਿੱਤੀ ਗਈ।

4 : ਇਸਦੇ ਨਾਲ ਹੀ ਗ਼ਦਰ ਪਾਰਟੀ ਦੀ 40 ਸਾਲਾ ਇਨਕਲਾਬੀ ਜਦੋਂ ਜਹਿਦ ਸਮਾਪਤ ਹੋਈ।

1 : ਸੰਖੇਪ ਵਿਚ ਗ਼ਦਰ ਪਾਰਟੀ 1913 ਵਿਚ ਕਾਇਮ ਕੀਤੀ ਗਈ।

2 : ਬਾਬਾ ਸੋਹਣ ਸਿੰਘ ਭਕਨਾ, ਪੰਡਤ ਕਾਂਸ਼ੀ ਰਾਮ, ਕਰਤਾਰ ਸਿੰਘ ਸਰ੍ਹਾਭਾ ਅਤੇ ਭਾਈ ਸੰਤੋਖ ਸਿੰਘ ਇਸਦੇ ਬਾਨੀ ਮੈਂਬਰਾਂ ਵਿਚੋਂ ਸਨ।

3 : ਇਸ ਪਾਰਟੀ ਦਾ ਉਦੇਸ਼ ਭਾਰਤ ਵਿਚ ਬਰਤਾਨਵੀ ਰਾਜ ਦੀ ਹਥਿਆਬੰਦ ਇਨਕਲਾਬ ਦੇ ਰਾਹੀਂ ਸਮਾਪਤੀ ਸੀ।

4 : ਇਸ ਉਦੇਸ਼ਾਂ ਦੇ ਪ੍ਰਚਾਰ ਲਈ ਪਹਿਲੀ ਨਵੰਬਰ 1913 ਗ਼ਦਰ ਨਾਂ ਦਾ ਸਪਤਾਹਿਕ ਪਰਚਾ ਸ਼ੁਰੂ ਕੀਤਾ।

1 : ਪਾਰਟੀ ਨੇ ਹਾਂਗ ਕਾਂਗ, ਮਨੀਲਾ, ਬੈਂਕੋਕ, ਸ਼ਿਘਾਈ ਅਤੇ ਪਾਨਾਮ ਵਿਚ ਆਪਣੀਆਂ ਬਰਾਚਾਂ ਖੋਲੀਆਂ।

2 : ਇਹਨਾਂ ਨੇ ਕੌਮੀ ਤਿਰੰਗੇ ਝੰਡੇ ਦਾ ਡੀਜਾਇਨ ਤਿਆਰ ਕੀਤਾ।

3 : ਬੰਦੇ ਮਾਤਰਮ ਦੇ ਸ਼ਬਦ ਨੂੰ ਇਕ ਦੂਸਰੇ ਨੂੰ ਸੰਬੋਧਨ ਕਰਨ ਵੇਲੇ ਅਪਣਾਇਆ।

4 : ਕੌਮੀਝੰਡਾ 15 ਫਰਵਰੀ 1914 ਕੈਲੀਫੋਰਨੀਆ ਵਿਚ ਲਹਿਰਾਇਆ ਗਿਆ।

1 : ਜਿਸ ਝੰਡੇ ਦੇ ਥੱਲੇ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਹਿੰਦੋਸਤਾਨ ਦੀ ਆਜ਼ਾਦੀ ਦੇ ਲਈ ਲੜਣ ਮਰਨ ਦਾ ਪ੍ਰਣ ਕੀਤਾ

2 : ਜਦੋਂ ਪਹਿਲਾ ਮਹਾਂਯੁੱਧ ਹੋਇਆ।

3 : ਭਾਵੇਂ ਪਾਰਟੀ ਪੂਰੀ ਤਰ੍ਹਾਂ ਤਿਆਰ ਨਹੀਂ ਸੀ

4 : ਪਰ ਇਸਨੇ ਆਪਣੀ ਯੋਜਨਾ ਨੂੰ ਲਾਗੂ ਕਰਨ ਲਈ ਬਦੇਸ਼ਾਂ ਵਿਚ

ਹਜ਼ਾਰਾਂ ਭਾਰਤੀਆਂ ਦੀ ਵਾਪਸੀ ਨੂੰ ਜਥੇਬੰਦ ਕੀਤਾ।

1 : ਇਹਨਾਂ ਵਿਚੋਂ ਬਹੁਤ ਸਾਰੇ ਗ਼ਦਰੀ ਦੇਸ਼ ਪਰਤਦੇ ਹੋਏ ਹੀ ਗ੍ਰਿਫ਼ਤਾਰ ਕਰ ਲਏ ਗਏ।

2 : ਪਰ ਫਿਰ ਵੀ ਜੋ ਗ੍ਰਿਫ਼ਤਾਰੀ ਤੋਂ ਬਚ ਗਏ, ਉਹਨਾਂ ਨੇ ਸਥਾਨਕ ਸਾਥੀਆਂ ਦੀ ਸਹਾਇਤਾ ਨਾਲ

3 : ਫ਼ੌਜ ਵਿਚ, ਪਿੰਡਾਂ ਵਿਚ, ਵਿਦਿਆਰਥੀਆਂ ਵਿਚ ਪ੍ਰਚਾਰ ਕੀਤਾ ਅਤੇ ਉਹਨਾਂ ਨੂੰ ਬਗਾਵਤ ਲਈ ਤਿਆਰ ਕੀਤਾ।

4 : ਫਰਵਰੀ 1915 ਉਹਨਾਂ ਨੇ ਬਗਾਵਤ ਕੀਤੀ।

1 : ਪਰ ਗ਼ਦਰ ਦੀ ਯੋਜਨਾ ਕੁਝ ਗ਼ਦਾਰਾਂ ਦੇ ਕਾਰਨ ਅਸਫਲ ਹੋ ਗਈ।

2 : ਜੰਗੇ ਆਜ਼ਾਦੀ ਦੀ ਇਹ ਲਹਿਰ ਧਰਮ ਨਿਰਪੱਖਤਾ ਦੀ ਇਕ ਜੀਂਦੀ ਜਾਗਦੀ ਮਿਸਾਲ ਸੀ।

3 : ਗ਼ਦਰੀ ਸੂਰਮਿਆਂ ਦੀ ਯਾਦ ਚ ਕਾਇਮ ਕੀਤਾ ਦੇਸ਼ ਭਗਤ ਯਾਦਗਾਰ ਹਾਲ ਸੰਘਰਸ਼ਸ਼ੀਲ ਲੋਕਾਂ ਲਈ ਇਕ ਪਵਿੱਤਰ ਅਸਥਾਨ ਹੈ।

4 : ਇਥੇ ਉਹਨਾਂ ਦੀਆਂ ਮੀਟਿੰਗਾਂ ਹੁੰਦੀਆਂ ਹਨ

1 : ਕਾਨਫਰੰਸਾਂ ਹੁੰਦੀਆਂ ਹਨ

2 : ਇਨਕਲਾਬੀ ਸਭਿਆਚਾਰ ਪ੍ਰੋਗਰਾਮ ਹੁੰਦੇ ਹਨ

3 : ਦੇਸ਼ਾਂ ਭਗਤਾਂ ਦੀ ਇਹ ਯਾਦਗਾਰ ਆਜ਼ਾਦੀ, ਬਰਾਬਰੀ ਅਤੇ ਸਾਧਾਰਨ ਲੋਕਾਂ ਦੀ ਖੁਸ਼ਹਾਲੀ ਲਈ ਲੜਣ ਵਾਲੇ ਲੋਕਾਂ ਲਈ ਇਕ ਪ੍ਰੇਰਨਾ ਦਾ ਸਰੋਤ ਹੈ।

4 : ਅੱਜ ਦੇ ਗ਼ਦਰੀ ਉਹਨਾਂ ਦੇ ਕਿਰਤੀ ਵਾਰਸ, ਪੰਜਾਬ ਦੇ ਲੋਕਾਂ ਦੇ ਹਰ ਇਕ ਸਮਾਜਿਕ ਇਨਸਾਫ ਵਾਲੇ ਸੈਕੂਲਰ ਸੰਘਰਸ਼ ਵਿਚ ਵੱਧ ਚੜ੍ਹਕੇ ਹਿੱਸਾ ਲੈਂਦੇ ਹਨ।

1 : ਗ਼ਦਰੀਆਂ ਨੇ ਜੋ ਜੋਤ 75 ਸਾਲ ਪਹਿਲੇ ਰੋਸ਼ਨ ਕੀਤੀ ਸੀ ਉਹ ਅੱਜ ਵੀ ਜਗਮਗਾਉਂਦੀ ਹੈ।

2 : ਆਜ਼ਾਦ ਭਾਰਤ ਵਿਚ ਹਰ ਇਕ ਗਲਤ ਨੀਤੀ, ਗਲਤ ਧਾਰਨ ਦੇ ਵਿਰੁੱਧ ਗ਼ਦਰੀ ਡੱਟਕੇ ਖਲੋਤੇ ਹਨ।

3 : ਗ਼ਦਰੀ ਭਾਰਤੀ ਲੋਕਾਂ ਦੀ ਏਕਤਾ ਦੇ ਪ੍ਰਤੀਕ ਹਨ।

4 : ਸਾਡਾ ਦੇਸ਼ ਆਜ਼ਾਦ ਤੇ ਖੁਸ਼ਹਾਲ ਹੋਵੇ।

1 : ਇਥੇ ਸਮਾਜਕ ਇਨਸਾਫ ਵਾਲਾ ਰਾਜ ਹੋਵੇ।

2 : ਇਹਦੇ ਲਈ ਸੰਘਰਸ਼ ਜਾਰੀ ਰਹੇਗਾ।

ਇਕੱਠੇ : ਇਹ ਜੋਤ ਜਗਦੀ ਰਹੇਗੀ, ਜਗਦੀ ਰਹੇਗੀ।